# ਮਿੱਟੀ ਦੇ ਵਣਜਾਰੇ

# ਮਿੱਟੀ ਦੇ ਵਣਜਾਰੇ

*ਸੰਪਾਦਕ*

**ਅਰਤਿੰਦਰ ਸੰਧੂ**

**ਡਾ. ਮੋਹਨ ਸਿੰਘ ਤਿਆਗੀ**

ਵਾਹਗਾ ਬੁਕਸ
ਅੰਮ੍ਰਿਤਸਰ

**Wagha Books**
7, SCF, Ranjit Avenue, C-Block Markit
Amritsar-143 001

**ISBN : 978-81-923657-0-3**

**Rs. 150/-**

*ਪ੍ਰਿੰਟਰ*
**ਪ੍ਰਿੰਟਵੈੱਲ**, 146 ਫੋਕਲ ਪੁਆਇੰਟ, ਅੰਮ੍ਰਿਤਸਰ

All rights reserved. No part of this publication may be reproduced, stored in a retrieval system, or transmitted in any form or by any means, electronic, mechanical, photocopying, recording, or otherwise, without the prior permission of both the copyright owner and the above published of this book.

Printed and bound in Punjab

---

## Mitti De Vanjare

*Edited by*

**Artinder Sandhu**
404, Tilak Nagar
Amritsar
Mob : 9815302081
sandhuartinder89@gmail.com

**Prof. Mohan Singh Tyagi**
Deptt. of Punjabi Studies
Punjabi University, Patiala
Mob. 981447-9150
mohan.tyagi28@yahoo.com

*ਸਮਰਪਣ*

# ਪਗੜੀ ਸੰਭਾਲਣ ਵਾਸਤੇ

ਪਹਿਲਾਂ ਉਹ ਦਰਿਆ ਬਣੇ, ਤੇ ਫਿਰ ਸਮੁੰਦਰ ਹੋ ਗਏ
ਹੋਂਦ 'ਤੇ ਹੀ ਆ ਬਣੀ, ਤਾਂ ਫਿਰ ਬਵੰਡਰ ਹੋ ਗਏ

ਪਗੜੀ ਸੰਭਾਲਣ ਵਾਸਤੇ, ਇਕ ਵਾਰ ਫਿਰ ਤੁਰੇ ਕਿਸਾਨ
ਰਾਜਿਆਂ ਦੇ ਸ਼ਹਿਰ ਦੇ ਜਦ, ਤੇਜ਼ ਖ਼ੰਜਰ ਹੋ ਗਏ

ਤਖ਼ਤ ਦੀ ਪਸਰੀ ਤਮ੍ਹਾਂ, ਤੇ ਧਰਤ ਖਾਣ ਆ ਗਈ
ਜਾਗ ਪਏ ਪੁੱਤ ਧਰਤ ਦੇ, ਪਹਿਰੇ ਦੇ ਅੰਦਰ ਹੋ ਗਏ

ਉੱਗੀਆਂ ਹਰ ਪਾਸੇ ਹੱਦਾਂ, ਅੰਨ ਦਾਤੇ ਲਈ ਹੀ ਕਿਉਂ
ਕਿਉਂ ਭਲਾ ਆਸਾਂ ਦਾ ਸਾਰੇ, ਰਸਤੇ ਬੰਜਰ ਹੋ ਗਏ

ਪਹੁੰਚੇ ਆਖ਼ਰ ਸੂਰਮੇ ਜਦ, ਤਖ਼ਤ ਦੀ ਸਰਹੱਦ 'ਤੇ
ਹੱਦਾਂ ਪੈਰੀਂ ਵਿਛ ਗਈਆਂ, ਨਗਰਾਂ ਦੇ ਮੰਜ਼ਰ ਹੋ ਗਏ

ਸੰਜਮ ਵਹਾਅ ਦੇ ਵੇਗ ਦਾ, ਤੇ ਕਾਇਮ ਮਰਿਆਦਾ ਵੀ ਹੈ
ਸਿਰਜੀਆਂ ਹੱਦਾਂ ਤੇ ਆਪੇ, ਉਨ੍ਹਾਂ ਅੰਦਰ ਹੋ ਗਏ

ਪਗੜੀ ਸੰਭਾਲਣ ਵਾਸਤੇ, ਇਕ ਵਾਰ ਫਿਰ ਤੁਰੇ ਕਿਸਾਨ
ਰਾਜਿਆਂ ਦੇ ਸ਼ਹਿਰ ਦੇ ਜਦ, ਤੇਜ਼ ਖ਼ੰਜਰ ਹੋ ਗਏ

*-ਅਰਤਿੰਦਰ ਸੰਧੂ*

# ਤਤਕਰਾ


| | | |
|---|---|---|
| ਇਹ ਮੇਲਾ ਹੈ | *-ਸੁਰਜੀਤ ਪਾਤਰ* | 13 |
| ਪਹਿਲੀ ਵਾਰ | *-ਗੁਰਭਜਨ ਗਿੱਲ* | 17 |
| ਟੀਸ | *-ਲਖਵਿੰਦਰ ਜੌਹਲ* | 22 |
| ਸਿਦਕ ਦਾ ਸਫ਼ਰ | *-ਰਵਿੰਦਰ ਭੱਠਲ* | 24 |
| ਯੁੱਧ ਕਿਲੇ ਤੇ ਖੇਤ ਦਾ ਏ | *-ਸੁਰਜੀਤ ਜੱਜ* | 26 |
| ਗ਼ਜ਼ਲ | *-ਜਸਵਿੰਦਰ* | 29 |
| ਕਿਸਾਨ ਹਾਂ | *-ਸਵਰਾਜਬੀਰ* | 30 |
| ਹੱਥ | *-ਦਰਸ਼ਨ ਬੁਲੰਦਵੀ* | 31 |
| ਲਹੂ ਭਿੱਜਾ ਗੀਤ | *-ਦਰਸ਼ਨ ਬੁੱਟਰ* | 33 |
| ਧੂੰਆਂ | *-ਡਾ. ਮੋਹਨ ਤਿਆਗੀ* | 35 |
| ਅਸੀਂ ਦਿੱਲੀ ਨਹੀਂ ਜਿੱਤਣੀ | *-ਡਾ. ਰਵਿੰਦਰ* | 37 |
| ਬੋਲਦਾ ਵਰਤਮਾਨ | *-ਮਨਮੋਹਨ (ਡਾ.)* | 40 |
| ਗ਼ਜ਼ਲ | *-ਡਾ. ਰਾਮ ਮੂਰਤੀ* | 42 |
| ਦਾਣੇ | *-ਗੁਰਸੇਵਕ ਲੰਬੀ* | 43 |
| ਚਿਰਾਗ਼ਾਂ ਨੂੰ ਜਲਾਓ | *-ਤ੍ਰੈਲੋਚਨ ਲੋਚੀ* | 44 |
| ਹਾਕਮਾਂ ਵੇ ! | *-ਡਾ. ਗੁਰਬਖਸ਼ ਸਿੰਘ ਭੰਡਾਲ* | 45 |
| ਸੁਪਰਮੈਨ | *-ਡਾ. ਕਰਨੈਲ ਸਿੰਘ ਸ਼ੇਰਗਿੱਲ* | 47 |
| ਜੇ ਫ਼ਸਲਾਂ ਦੀ ਦਰਦ ਕਹਾਣੀ ਸੁਣ ਲੈਂਦੀ | *-ਗੁਰਮੀਤ ਕੜਿਆਲਵੀ* | 49 |
| ਗ਼ਜ਼ਲ | *-ਸੁਰਜੀਤ ਸਖੀ* | 50 |
| ਇਨਸਾਨਾਂ ਦੀ ਨਗਰੀ ਵਿਚ | *-ਦੇਵਿੰਦਰ ਕੌਰ ਯੂ.ਕੇ.* | 51 |
| ਸੱਚ ਕਦੋਂ ਪ੍ਰਗਟ ਹੋਏਗਾ | *-ਸੁਰਜੀਤ* | 52 |
| ਗ਼ਜ਼ਲ | *-ਡਾ. ਗੁਰਚਰਨ ਕੌਰ ਕੋਚਰ* | 53 |
| ਸ਼ਹਿਰ ਤੇਰੇ ਦੇ ਪਾਣੀ ਦਿੱਲੀਏ | *-ਸੁਲਤਾਨਾ ਬੇਗ਼ਮ* | 54 |

| | | |
|---|---|---|
| ਮੈਂ ਪੰਜਾਬ ਬੋਲਦਾਂ | *-ਮਨਦੀਪ ਕੌਰ ਭੰਮਰਾ* | 55 |
| ਧਰਤੀ ਮਾਂ ਪਾਣੀ ਪਿਤਾ | *-ਡਾ. ਗੁਰੂਮੇਲ ਸਿੱਧੂ* | 57 |
| ਜੀਣ ਕਥਾ | *-ਉਮਿੰਦਰ ਜੌਹਲ* | 58 |
| ਲਿਖੀ ਜਾ ਰਹੀ ਹੈ ਕਵਿਤਾ | *-ਹਰਮੀਤ ਵਿਦਿਆਰਥੀ* | 59 |
| ਸੁੱਤਾ ਰਾਜਾ | *-ਸੁਖਵਿੰਦਰ ਕੰਬੋਜ* | 60 |
| ਗ਼ਜ਼ਲ | *-ਸੁਖਵਿੰਦਰ ਅੰਮ੍ਰਿਤ* | 62 |
| ਰੱਬ ਦੇ ਦੂਤ | *-ਅਮੀਆ ਕੁੰਵਰ* | 63 |
| ਸਨਦ | *-ਅਮਰ ਜਿਉਤੀ* | 65 |
| ਦਿੱਲੀ ਫਿਰ ਸੀਸ ਮੰਗਦੀ | *-ਅਰਕਮਲ ਕੌਰ* | 66 |
| ਇਕ ਬੱਦਲ ਉੱਠਿਆ ਧਰਤੀ ਤੋਂ | *-ਅਰਤਿੰਦਰ ਸੰਧੂ* | 67 |
| ਗ਼ਜ਼ਲ | *-ਗੁਰਦਿਆਲ ਰੌਸ਼ਨ* | 69 |
| ਜੰਗ | *-ਕਵਿੰਦਰ ਚਾਂਦ* | 70 |
| ਬਾਬਾ ! ਤੇਰੇ ਪੁੱਤ ਤੁਰੇ ਨੇ | *-ਵਰਿਆਮ ਸਿੰਘ ਸੰਧੂ* | 71 |
| ਗ਼ਜ਼ਲ | *-ਸਰਬਜੀਤ ਸਿੰਘ ਸੰਧੂ* | 73 |
| ਚਿੱਠੀ-1 | *-ਸਵਾਮੀ ਅੰਤਰ ਨੀਰਵ* | 74 |
| ਅਸੀਂ ਹੁਣ | *-ਵਿਸ਼ਾਲ* | 76 |
| ਜ਼ਖ਼ਮ | *-ਸਵਿੰਦਰ ਸੰਧੂ* | 78 |
| ਬਹੁਤ ਅਰਸੇ ਬਾਅਦ | *-ਡਾ. ਲੋਕ ਰਾਜ* | 80 |
| ਗ਼ਜ਼ਲ | *-ਅਮਰਦੀਪ ਸੰਧਾਵਾਲੀਆ* | 81 |
| ਕਿਸਾਨ | *-ਡਾ. ਸ਼ਿਆਮ ਸੁੰਦਰ ਦੀਪਤੀ* | 82 |
| ਅਸੀਂ ਵਾਰਿਸ ਮੀਰੀ ਪੀਰੀ ਦੇ | *-ਕੁਲਵਿੰਦਰ ਵਿਰਕ* | 83 |
| ਮੈਂ ਕਿਸਾਨ ਨਾਲ ਖੜ੍ਹਾ ਹਾਂ | *-ਮਲਵਿੰਦਰ* | 84 |
| ਗੂੰਜ | *-ਮਨੋਜ ਸ਼ਰਮਾ* | 86 |
| ਗੜ੍ਹਕ ਗੜ੍ਹਕ ਮੜਕ ਰੜਕ | *-ਅਮਰਜੀਤ ਕਸਕ* | 88 |

| | | |
|---|---|---|
| ਭਿਆਨਕ | *-ਹਰਪਾਲ ਸੰਧਾਵਾਲੀਆ* | 89 |
| ਏਸ ਵਾਰੀ ਖ਼ਾਲੀ ਨਹੀਂਓਂ ਪਰਤਣਾ | *-ਸਮਸ਼ੇਰ ਮੋਹੀ* | 90 |
| ਕਿਸਾਨ ਅੰਦੋਲਨ | *-ਬੁੱਧ ਸਿੰਘ ਨੀਲੋਂ* | 91 |
| ਪਰਾਲੀ ਦਾ ਧੂੰਆਂ | *-ਸੁਰਿੰਦਰ ਗਿੱਲ (ਡਾ.)* | 93 |
| ਯੁੱਧ ਨਾਦ | *-ਦਲਜਿੰਦਰ ਰਹਿਲ* | 96 |
| ਗ਼ਜ਼ਲ | *-ਪਰਮਜੀਤ ਦਿਓਲ* | 98 |
| ਗ਼ਜ਼ਲ | *-ਕੰਵਲਜੀਤ ਕੰਵਰ* | 99 |
| ਮੀਂਹ | *-ਨਵਨੀਤ ਵਿਰਕ* | 100 |
| ਕਿਸਾਨ ਤੇ ਹਕੂਮਤ 20/21 | *-ਦਲਵੀਰ ਕੌਰ* | 101 |
| ਬਾਪੂ ਆਖੇ ਪੁੱਤ ਨੂੰ | *-ਅਰਵਿੰਦਰ ਕਾਕੜਾ* | 102 |
| ਦਮਾਮੇ ਤੋਂ ਦਮਾਮੇ ਤੱਕ | *-ਕੁਲਦੀਪ ਸਿੰਘ ਦੀਪ (ਡਾ.)* | 103 |
| ਪੁੱਤ ਨਾਨਕ ਦੇ | *-ਸੁਖਬੀਰ ਕੌਰ ਮਾਹਲ* | 106 |
| ਅਣਖ ਤੇ ਜ਼ਿਦ | *-ਨਿਰਮਲ ਸਿੱਧੂ ਟੋਰੰਟੋ* | 109 |
| ਨਿੱਘੇ ਬੁੱਲੇ | *-ਸੁਰਿੰਦਰ ਸੋਹਲ* | 110 |
| ਜ਼ਿੰਦਗੀ ਦੇ ਬਨੇਰੇ ਤੋਂ | *-ਡਾ. ਗੁਰਮਿੰਦਰ ਸਿੱਧੂ* | 111 |
| ਧਰਤੀ ਦੇ ਪੁੱਤਰ | *-ਸਰਬਜੀਤ ਕੌਰ ਸੋਹਲ* | 113 |
| ਗ਼ਜ਼ਲ | *-ਸੁਰਿੰਦਰ ਗੀਤ* | 114 |
| ਗਿਰਝਾਂ ਦੀਆਂ ਡਾਰਾਂ | *-ਸਰਬਜੀਤ ਕੌਰ ਜੱਸ* | 115 |
| ਗੋਡੀ ਤੇਰੀ ਹਾਕਮਾ ਲਵਾਉਣਗੇ | *-ਕਰਮ ਸਿੰਘ ਜ਼ਖ਼ਮੀ* | 117 |
| ਸੋਨ ਸਵੇਰਾ | *-ਮਨਜਿੰਦਰ ਧਨੋਆ* | 119 |
| ਉੱਠ ਜਾਗ ਪੰਜਾਬ ਸਿੰਹਾਂ | *-ਹਰਪਾਲ ਸਿੰਘ ਨਾਗਰਾ* | 120 |
| ਮੈਂ ਕਿਸਾਨ ਬੋਲਦਾਂ | *-ਕੰਵਲਜੀਤ ਭੁੱਲਰ* | 122 |
| ਦੇਸ਼ ਦਾ ਅੰਨ ਦਾਤਾ | *-ਦਲਵੀਰ ਦਿਲ ਨਿੱਜਰ* | 123 |
| ਯੁੱਧ ਦਾ ਅਹਿਦਨਾਮਾ | *-ਡਾ. ਨਵਜੋਤ ਕੌਰ* | 125 |

| | | |
|---|---|---|
| ਕਲਮਾਂ ਦੇ ਕਾਫ਼ਲੇ | *-ਹਰਪ੍ਰੀਤ ਕੌਰ ਧੂਤ* | 129 |
| ਕਬਜ਼ਾ | *-ਗੁਰਬਾਜ ਸਿੰਘ ਛੀਨਾ* | 131 |
| ਵਿਚ ਝੋਲੇ ਦੇ ਕਫ਼ਨ ਹੈ ਜਿਸ ਦੇ | *-ਪ੍ਰਭਜੋਤ ਸੋਹੀ* | 133 |
| ਯੁੱਗ ਪੁਰਸ਼ ਕਦੇ ਮਰਦੇ ਨਹੀਂ ਹੁੰਦੇ | *-ਹਰਵਿੰਦਰ ਸਿੰਘ* | 134 |
| ਹਾਕਮਾਂ ਵੱਲੋਂ ਠੋਕੇ ਜਾ ਰਹੇ ਕਿੱਲ | *-ਧਰਵਿੰਦਰ ਸਿੰਘ ਔਲਖ* | 135 |
| ਜਾਗ ਵੇ ਕਿਰਤੀਆ | *-ਜਸਪਾਲ* | 136 |
| ਕਿਸਾਨ ਦੇ ਹੰਝੂਆਂ ਦੇ ਨਾਮ | *-ਮਨਦੀਪ ਔਲਖ* | 138 |
| ਡਰ | *-ਸ਼ਾਇਰ ਜਸਵੀਰ* | 139 |
| ਰੋਹ ਜਾਗਿਆ ਅੱਜ ਕਿਸਾਨ ਦਾ ਏ | *-ਸਤਿੰਦਰ ਸਿੰਘ ਓਠੀ* | 140 |
| ਪੰਜਾ | *-ਕੁਲਬੀਰ ਗੋਜਰਾ* | 142 |
| ਸੁਣ ਲੈ ਹਾਕਮਾਂ ਕੰਨ ਖੋਲ੍ਹ ਕੇ | *-ਸੁਰਿੰਦਰ ਸਿੰਘ ਚੋਹਕਾ* | 143 |
| ਹਾਕਮ ਨੇ | *-ਗੁਰਪ੍ਰੀਤ ਬੋੜ੍ਹਾਵਾਲ* | 145 |
| ਕਿਸਾਨ ਅੰਦੋਲਨ | *-ਬਲਜਿੰਦਰ ਮਾਂਗਟ* | 146 |
| ਗ਼ਜ਼ਲ | *-ਵਾਹਿਦ* | 147 |
| ਜਜ਼ਬਾਤ | *-ਬਿੱਕਰ ਸਿੰਘ ਸੋਹੀ* | 148 |
| ਪੰਜਾਬ ਸਿੰਹਾਂ | *-ਇਕਬਾਲ ਸੋਮੀਆ* | 150 |
| ਪੰਜਾਬ | *-ਕਮਲ ਪ੍ਰੀਤ ਸਿੰਘ* | 151 |

# ਭੂਮਿਕਾ

ਪਿਛਲੇ ਕੁਝ ਮਹੀਨਿਆਂ ਦੌਰਾਨ ਪੰਜਾਬੀ ਲੇਖਕਾਂ ਵੱਲੋਂ ਕਿਸਾਨੀ ਤੇ ਇਸ ਦੇ ਅੰਦੋਲਨ ਨਾਲ ਜੁੜੇ ਤੌਖਲਿਆਂ ਦੇ ਅਸਰ ਕਾਰਨ ਪੈਦਾ ਹੋਇਆ ਫ਼ਿਕਰ ਲੋਕ ਮਨ 'ਤੇ ਭਾਰੂ ਰਿਹਾ ਹੈ ਤੇ ਜਾਰੀ ਹੈ। ਕੁਦਰਤੀ ਹੈ ਕਿ ਸਾਹਿਤਕਾਰ ਆਪਣੇ ਸਮੇਂ ਦੇ ਮਸਲਿਆਂ ਨਾਲੋਂ ਵੱਖਰਾ ਹੋ ਕੇ ਨਹੀਂ ਰਹਿ ਸਕਦਾ। ਸੋ ਇਸ ਫ਼ਿਕਰ ਦੇ ਅਸਰ ਹੇਠ ਵੀ ਵੱਖ-ਵੱਖ ਵਿਧਾਵਾਂ ਵਿਚ ਬਹੁਤ ਸਾਰੀ ਸਾਹਿਤ ਸਿਰਜਣਾ ਹੋ ਰਹੀ ਹੈ। ਕਿਸਾਨੀ ਦੇ ਜ਼ਮੀਨੀ ਫ਼ਿਕਰਾਂ ਨੂੰ ਸਮਝਦਿਆਂ ਹੋਇਆਂ ਪੰਜਾਬੀ ਕਵੀਆਂ ਵੱਲੋਂ ਵੀ ਇਨ੍ਹੀਂ ਦਿਨੀਂ ਬਹੁਤ ਸਾਰੀ ਕਵਿਤਾ ਲਿਖੀ ਗਈ ਹੈ ਜਿਸ ਵਿਚ ਸਾਡੇ ਇਨ੍ਹਾਂ ਸਮਿਆਂ ਦਾ ਇਤਿਹਾਸ ਅੰਕਿਤ ਹੋ ਗਿਆ ਹੈ। **ਮਿੱਟੀ ਦੇ ਵਣਜਾਰੇ** ਸਿਰਲੇਖ ਵਾਲੀ ਇਸ ਕਿਤਾਬ ਦੀਆਂ ਕਵਿਤਾਵਾਂ ਵੀ ਸਾਡੇ ਸਮਿਆਂ ਦੇ ਪਾਣੀਆਂ ਵਿਚ ਉੱਭਰ ਆਈ ਇਸ ਕਿਸਾਨੀ ਅੰਦੋਲਨ ਦੀ ਲਹਿਰ ਦੀ ਤਾਬ ਦੀ ਨਿਸ਼ਾਨਦੇਹੀ ਕਰਦੀਆਂ ਹਨ। ਅਸਲ ਵਿਚ ਇਸ ਅੰਦੋਲਨ ਨੇ ਇਕ ਤਰੀਕੇ ਨਾਲ ਪੰਜਾਬ ਵਿਚ ਸੁੱਤੇ ਪਏ ਪੁਰਾਣੇ ਸਭਿਆਚਾਰ ਦੇ ਗੁੰਮ ਗੁਆਚ ਗਏ ਲੱਗਦੇ ਗ਼ੈਰਤਮੰਦ ਰਹਿਤਲ ਵਾਲੇ ਸ਼ਾਨਾ-ਮੱਤੇ ਸਰਬ ਸਾਂਝੇ ਸਭਿਆਚਾਰ ਦੀ ਪੁੱਨਰ ਜਾਗ੍ਰਿਤੀ ਹੋਈ ਹੈ। ਜਦੋਂ ਇਹ ਕਿਹਾ ਜਾ ਰਿਹਾ ਸੀ ਕਿ ਪੰਜਾਬ ਦੀ ਜੁਆਨੀ ਕੁਰਾਹੇ ਪੈ ਚੁੱਕੀ ਹੈ, ਇਹ ਨਸ਼ਿਆਂ ਵਿਚ ਗਰਕ ਹੋ ਰਹੀ ਹੈ। ਇਲਜ਼ਾਮ ਸਨ ਕਿ ਇਸ ਨੂੰ ਆਪਣੇ ਵੱਡਿਆਂ ਦੀ ਸਿਆਣਪ ਤੇ ਇੱਜ਼ਤ ਦਾ ਕੋਈ ਸਤਿਕਾਰ ਨਹੀਂ ਰਿਹਾ। ਉਸ ਵੇਲੇ ਆਪਣੀ ਧਰਤੀ ਮਾਂ ਨਾਲ ਰਿਸ਼ਤੇ ਸੰਬੰਧੀ ਉੱਠੇ ਫ਼ਿਕਰਾਂ ਨੇ ਸਾਰੇ ਮਾੜੇ ਖ਼ਦਸ਼ਿਆਂ ਨੂੰ ਲਾਂਭੇ ਕਰ ਕੇ ਰੱਖ ਦਿੱਤਾ। ਬਜ਼ੁਰਗਾਂ ਦੀ ਸੂਝ ਸਿਆਣਪ ਭਰੀ ਹੋਸ਼ ਤੇ ਨੌਜੁਆਨਾਂ ਦੇ ਜੋਸ਼ ਨੇ ਅਜਿਹੀ ਨਿਵੇਕਲੀ ਤੇ ਸੁਲੱਖਣੀ ਨੁਹਾਰ ਵਾਲਾ ਮਨੁੱਖਵਾਦੀ ਸਰਬ ਸਾਂਝਾ ਅੰਦੋਲਨ ਸਿਰਜਿਆ ਕਿ ਇਕ ਇਤਿਹਾਸ ਬਣ ਗਿਆ। ਇਸ ਅੰਦੋਲਨ ਦੀ ਇਹ ਇਕ ਵੱਡੀ ਪ੍ਰਾਪਤੀ ਹੈ ਕਿ ਇਸ ਵਿਚ ਧਰਮਾਂ, ਜਾਤਾਂ, ਫ਼ਿਰਕਿਆਂ ਤਕ ਦੇ ਸਭ ਫ਼ਾਸਲੇ ਮਿਟ ਗਏ। ਦੋ ਸੌ ਤੋਂ ਉੱਤੇ ਕੀਮਤੀ ਜਾਨਾਂ ਜਾ ਚੁੱਕੀਆਂ ਹਨ। ਹੋਰ ਮੁਸ਼ਕਲਾਂ ਦਾ ਵੀ ਕੋਈ ਅੰਤ ਨਹੀਂ ਰਿਹਾ। ਨਜ਼ਰਾਂ ਤੋਂ ਉਹਲੇ ਹੋ ਚੁੱਕੇ ਪੰਜਾਬੀ ਸਭਿਆਚਾਰ ਦੀ ਪੁਰਾਣੀ ਤਸਵੀਰ ਉੱਭਰ ਆਈ

ਹੈ ਜਿਸ ਨੇ ਸਾਰੇ ਦੇਸ਼ ਹੀ ਨਹੀਂ ਵਿਦੇਸ਼ਾਂ ਵਿਚ ਵੀ ਆਪਣਾ ਮਾਣ-ਮੱਤਾ ਅਕਸ ਸਿਰਜਿਆ ਹੈ।

ਦੇਸ਼ ਵਾਸਤੇ ਅੰਨ ਉਪਜਾਉਂਦੇ ਕਿਰਤੀ ਕਿਸਾਨ ਦਾ ਆਪਣੀ ਰੋਜ਼ੀ ਦੀ ਰੋਟੀ ਨਾਲ ਜੁੜਿਆ ਫ਼ਿਕਰ ਸਾਡੇ ਲੇਖਕਾਂ/ਸ਼ਾਇਰਾਂ ਦੀ ਕਲਮ ਰਾਹੀਂ ਬਹੁਤ ਮੋਹ ਭਰੀ ਸ਼ਿੱਦਤ ਨਾਲ ਇਨ੍ਹਾਂ ਵੱਡੀ ਗਿਣਤੀ ਵਿਚ ਸਿਰਜੀਆਂ ਗਈਆਂ ਕਵਿਤਾਵਾਂ ਵਿਚ ਉਭਰਿਆ ਹੈ। ਇਸ ਵਿਸ਼ਾਲ ਰਚਨਾਵਲੀ ਦਾ ਇਕ ਹਿੱਸਾ ਇਸ ਕਿਤਾਬ ਵਿਚ ਸ਼ਾਮਲ ਕਰਨ ਦਾ ਮਾਣ ਲਿਆ ਜਾ ਰਿਹਾ ਹੈ। ਆਸ ਹੈ ਇਹ ਨਿਗੂਣਾ ਜਿਹਾ ਉਦਮ ਆਪ ਸਭ ਨੂੰ ਚੰਗਾ ਲੱਗੇਗਾ।

**ਡਾ. ਮੋਹਨ ਸਿੰਘ ਤਿਆਗੀ**
**ਪੰਜਾਬੀ ਸਾਹਿਤ ਅਧਿਅਨ ਵਿਭਾਗ**
**ਪੰਜਾਬੀ ਯੂਨੀਵਰਸਿਟੀ,**
**ਪਟਿਆਲਾ**
98144 79150

**ਅਰਤਿੰਦਰ ਸੰਧੂ**
**ਸੰਪਾਦਕ ਸਾਹਿਤਕ ਏਕਮ**
404, **ਤਿਲਕ ਨਗਰ**
**ਅੰਮ੍ਰਿਤਸਰ**
98153 02081

ਕਵਿਤਾ : *ਸੁਰਜੀਤ ਪਾਤਰ*

## ਇਹ ਮੇਲਾ ਹੈ
**(ਕਿਸਾਨੀ ਮੋਰਚੇ ਦੇ ਨਾਂ...)**

ਹੈ ਜਿਥੋਂ ਤਕ ਨਜ਼ਰ ਜਾਂਦੀ
ਤੇ ਜਿਥੋਂ ਤਕ ਨਹੀਂ ਜਾਂਦੀ
ਇਹਦੇ ਵਿਚ ਲੋਕ ਸ਼ਾਮਲ ਨੇ
ਇਹਦੇ ਵਿਚ ਲੋਕ
ਤੇ ਸੁਰਲੋਕ ਤੇ ਤ੍ਰੈਲੋਕ ਸ਼ਾਮਲ ਨੇ
ਇਹ ਮੇਲਾ ਹੈ

ਇਹਦੇ ਵਿਚ ਧਰਤ ਸ਼ਾਮਲ
ਬਿਰਖ, ਪਾਣੀ, ਪੌਣ ਸ਼ਾਮਲ ਨੇ
ਇਹਦੇ ਵਿਚ ਸਾਡੇ ਹਾਸੇ, ਹੰਝੂ
ਸਾਡੇ ਗੌਣ ਸ਼ਾਮਲ ਨੇ
ਤੇ ਤੈਨੂੰ ਕੁਝ ਪਤਾ ਹੀ ਨਈਂ
ਇਹਦੇ ਵਿਚ ਕੌਣ ਸ਼ਾਮਲ ਨੇ

ਇਹਦੇ ਵਿਚ ਪੁਰਖਿਆਂ ਦਾ
ਰਾਂਗਲਾ ਇਤਿਹਾਸ ਸ਼ਾਮਲ ਹੈ
ਇਹਦੇ ਵਿਚ ਲੋਕ-ਮਨ ਦਾ
ਸਿਰਜਿਆ ਮਿਥਿਹਾਸ ਸ਼ਾਮਲ ਹੈ
ਇਹਦੇ ਵਿਚ ਸਿਦਕ ਸਾਡਾ
ਸਬਰ, ਸਾਡੀ ਆਸ ਸ਼ਾਮਲ ਹੈ
ਇਹਦੇ ਵਿਚ ਸ਼ਬਦ, ਸੁਰਤੀ
ਧੁਨ ਅਤੇ ਅਰਦਾਸ ਸ਼ਾਮਲ ਹੈ
ਤੇ ਤੈਨੂੰ ਕੁਝ ਪਤਾ ਹੀ ਨਹੀਂ
ਇਹਦੇ ਵਿਚ ਵਰਤਮਾਨ,
ਅਤੀਤ ਨਾਲ ਭਵਿੱਖ ਸ਼ਾਮਲ ਹੈ
ਇਹਦੇ ਵਿਚ ਹਿੰਦੂ ਮੁਸਲਮ
ਬੁੱਧ, ਜੈਨ ਤੇ ਸਿੱਖ ਸ਼ਾਮਲ ਹੈ

ਬੜਾ ਕੁਝ ਦਿਸ ਰਿਹਾ
ਤੇ ਕਿੰਨਾ ਹੋਰ ਅਦਿੱਖ ਸ਼ਾਮਲ ਹੈ
ਇਹ ਮੇਲਾ ਹੈ

ਇਹ ਹੈ ਇਕ ਲਹਿਰ ਵੀ
ਸੰਘਰਸ਼ ਵੀ ਪਰ ਜਸ਼ਨ ਵੀ ਤਾਂ ਹੈ
ਇਹਦੇ ਵਿਚ ਰੋਹ ਹੈ ਸਾਡਾ
ਦਰਦ ਸਾਡਾ ਟਸ਼ਨ ਵੀ ਤਾਂ ਹੈ
ਜੋ ਪੁੱਛੇਗਾ ਕਦੀ ਇਤਿਹਾਸ ਤੈਥੋਂ
ਪ੍ਰਸ਼ਨ ਵੀ ਤਾਂ ਹੈ
ਤੇ ਤੈਨੂੰ ਕੁਝ ਪਤਾ ਹੀ ਨਹੀਂ
ਇਹਦੇ ਵਿਚ ਕੌਣ ਸ਼ਾਮਿਲ ਨੇ

ਨਹੀਂ ਇਹ ਭੀੜ ਨਈਂ ਕੋਈ
ਇਹ ਰੂਹਦਾਰਾਂ ਦੀ ਸੰਗਤ ਹੈ
ਇਹ ਤੁਰਦੇ ਵਾਕ ਤੇ ਵਿਚ ਅਰਥ ਨੇ
ਸ਼ਬਦਾਂ ਦੀ ਪੰਗਤ ਹੈ
ਇਹ ਸ਼ੋਭਾ-ਯਾਤਰਾ ਤੋਂ ਵੱਖਰੀ ਹੈ ਯਾਤਰਾ ਕੋਈ
ਗੁਰਾਂ ਦੀ ਦੀਖਿਆ ਤੇ ਚੱਲ ਰਿਹਾ ਹੈ ਕਾਫ਼ਿਲ ਕੋਈ
ਇਹ ਮੈਂ ਨੂੰ ਛੋੜ
ਆਪਾਂ ਤੇ ਅਸੀਂ ਵੱਲ ਜਾ ਰਿਹਾ ਕੋਈ
ਇਹਦੇ ਵਿਚ ਮੁੱਦਤਾਂ ਦੇ ਸਿੱਖੇ ਹੋਏ ਸਬਕ ਸ਼ਾਮਿਲ ਨੇ
ਇਹਦੇ ਵਿਚ ਸੂਫ਼ੀਆਂ ਫੱਕਰਾਂ ਦੇ
ਚੌਦਾਂ ਤਬਕ ਸ਼ਾਮਲ ਨੇ

ਤੁਹਾਨੂੰ ਗੱਲ ਸੁਣਾਉਨਾਂ ਇਕ
ਬੜੀ ਭੋਲੀ ਤੇ ਮਨਮੋਹਣੀ

ਅਸਾਨੂੰ ਕਹਿਣ ਲੱਗੀ ਕੱਲ੍ਹ
ਇਕ ਦਿੱਲੀ ਦੀ ਧੀ ਸੁਹਣੀ
ਤੁਸੀਂ ਜਦ ਮੁੜ ਗਏ ਏਥੋਂ
ਬੜੀ ਬੇਰੌਣਕੀ ਹੋਣੀ
ਟ੍ਰੈਫਿਕ ਤਾਂ ਬਹੁਤ ਹੋਵੇਗੀ
ਪਰ ਸੰਗਤ ਨਹੀਂ ਹੋਣੀ
ਇਹ ਲੰਗਰ ਛਕ ਰਹੀ
ਤੇ ਵੰਡ ਰਹੀ ਪੰਗਤ ਨਹੀਂ ਹੋਣੀ
ਘਰਾਂ ਨੂੰ ਦੌੜਦੇ ਲੋਕਾਂ 'ਚ
ਇਹ ਰੰਗਤ ਨਹੀਂ ਹੋਣੀ
ਅਸੀਂ ਫਿਰ ਕੀ ਕਰਾਂਗੇ

ਤਾਂ ਸਾਡੇ ਨੈਣ ਨਮ ਹੋ ਗਏ
ਇਹ ਕੈਸਾ ਨਿਹੁੰ ਨਵੇਲਾ ਹੈ
ਇਹ ਮੇਲਾ ਹੈ

ਤੁਸੀਂ ਪਰਤੋ ਘਰੀਂ, ਰਾਜ਼ੀ ਖ਼ੁਸ਼ੀ
ਹੈ ਇਹ ਦੁਆ ਮੇਰੀ
ਤੁਸੀਂ ਜਿੱਤੋ ਇਹ ਬਾਜ਼ੀ ਸੱਚ ਦੀ
ਹੈ ਇਹ ਦੁਆ ਮੇਰੀ
ਤੁਸੀਂ ਪਰਤੋ ਤਾਂ ਧਰਤ ਲਈ
ਨਵੀਂ ਤਕਦੀਰ ਹੋ ਕੇ ਹੁਣ
ਨਵੇਂ ਅਹਿਸਾਸ, ਸੱਚਰੀ ਸੋਚ ਤੇ ਤਦਬੀਰ ਹੋ ਕੇ ਹੁਣ
ਮੁਹੱਬਤ ਸਾਦਗੀ ਅਪਣੱਤ ਦੀ ਤਾਸੀਰ ਹੋ ਕੇ ਹੁਣ
ਇਹ ਇੱਛਰਾਂ ਮਾਂ ਦੇ ਪੁੱਤ ਪੂਰਨ ਦੇ
ਮੁੜ ਮਿਲਣੇ ਦਾ ਵੇਲਾ ਹੈ
ਇਹ ਮੇਲਾ ਹੈ

ਹੈ ਜਿਥੋਂ ਤਕ ਨਜ਼ਰ ਜਾਂਦੀ
ਤੇ ਜਿਥੋਂ ਤਕ ਨਹੀਂ ਜਾਂਦੀ
ਇਹਦੇ ਵਿਚ ਲੋਕ ਸ਼ਾਮਲ ਨੇ
ਇਹਦੇ ਵਿਚ ਲੋਕ ਤੇ ਸੁਰਲੋਕ ਤੇ
ਤ੍ਰੈਲੋਕ ਸ਼ਾਮਿਲ ਨੇ
ਇਹ ਮੇਲਾ ਹੈ

ਇਹਦੇ ਵਿਚ ਧਰਤ ਸ਼ਾਮਿਲ
ਬਿਰਖ, ਪਾਣੀ, ਪੌਣ ਸ਼ਾਮਲ ਨੇ
ਇਹਦੇ ਵਿਚ ਸਾਡੇ ਹਾਸੇ
ਹੰਝੂ, ਸਾਡੇ ਗੌਣ ਸ਼ਾਮਲ ਨੇ
ਤੇ ਤੈਨੂੰ ਕੁਝ ਪਤਾ ਹੀ ਨਈਂ

•

## ਪਹਿਲੀ ਵਾਰ

ਮੱਥੇ ਦੀਆਂ ਤਿਊੜੀਆਂ
ਸਿਆੜ ਬਣੀਆਂ ਨੇ
ਹਲ ਵਾਹਕਾਂ ਨੇ
ਦੁਸ਼ਮਣ ਦੀ ਨਿਸ਼ਾਨਦੇਹੀ ਕਰਕੇ
ਦਰਦਾਂ ਦੀ ਵਾਹੀ ਜੋਤੀ ਕੀਤੀ ਹੈ
ਨਹਿਰਾਂ 'ਚੋਂ ਡੱਕੇ ਮੋਘੇ ਖੋਲ੍ਹੇ ਨੇ ਬਾਬਿਆਂ
ਹਰਸਾ ਛੀਨਾ ਅੱਜ ਵੀ ਵੰਗਾਰਦਾ ਹੈ
ਮਾਲਵੇ 'ਚ ਬਿਸਵੇਦਾਰਾਂ ਨੂੰ
ਭਜਾਇਆ ਸੀ ਮੁਜਾਰਿਆਂ ਕਿਸ਼ਨਗੜ੍ਹੋਂ
ਦਬੱਲਿਆ ਪਿੰਡ ਪਿੰਡ ਮੰਡੀ ਮੰਡੀ
ਸਫ਼ੈਦਪੋਸ਼ਾਂ ਨੂੰ ਸੁਰਖਪੋਸ਼ਾਂ ਪਾਈਆਂ ਭਾਜੜਾਂ
ਇਤਿਹਾਸ ਨੇ ਵੇਖਿਆ।

ਕੈਰੋਂਸ਼ਾਹੀ ਦਾ ਟਾਕਰਾ ਕਰਦੇ
ਖੁਸ਼ ਹੈਸੀਅਤ ਟੈਕਸ ਨੂੰ ਵੰਗਾਰਦੇ
ਅੱਜ ਵੀ ਚੇਤਿਆਂ 'ਚ ਜਾਗਦੇ
ਚਾਚਾ ਚੋਰ ਭਤੀਜਾ ਡਾਕੂ
ਸੱਥਾਂ 'ਚ ਗਾਉਂਦੇ ਜਾਂਬਾਜ਼
ਬੋਹਲਾਂ ਦੀ ਰਾਖੀ ਜਾਣਦੇ ਹਨ
ਤੰਗਲੀਆਂ ਸਲੰਘਾਂ ਵਾਲੇ
ਸਰਕਾਰਾਂ ਨਾਲ ਲੜੇ ਹਰ ਵਾਰ।

ਪਰ ਇਹ ਤੱਕਿਆ ਪਹਿਲੀ ਵਾਰ
ਵੱਖਰਾ ਸੂਰਜ
ਨਵੀਆਂ ਕਿਰਨਾਂ ਸਮੇਤ ਚੜ੍ਹਿਆ
ਦੁਸ਼ਮਣ ਦੀ ਨਿਸ਼ਾਨਦੇਹੀ ਕੀਤੀ ਹੈ
ਕਾਰਪੋਰੇਟ ਘਰਾਣਿਆਂ ਦੇ ਕੰਪਨੀ ਸ਼ਾਹਾਂ ਨੂੰ

ਰਾਵਣ ਦੇ ਨਾਲ ਫੂਕਿਆ ਹੈ
ਦੁਸਹਿਰੇ ਦੇ ਅਰਥ ਬਦਲੇ ਹਨ
ਵਕਤ ਦੀ ਹਿੱਕ ’ਤੇ ਦਰਦਮੰਦਾਂ ਦੀਆਂ ਆਹਾਂ ਨੇ
ਨਵੀਂ ਅਮਿਟ ਇਬਾਰਤ ਲਿਖੀ ਹੈ

ਸਾਨੂੰ ਨਚਾਉਣ ਵਾਲੇ ਖ਼ੁਦ ਨੱਚੇ ਨੇ
ਹਕੀਕਤਾਂ ਦੇ ਦੁਆਰ
ਬੇਸ਼ਰਮ ਹਾਸਿਆਂ ’ਚ ਘਿਰ ਗਏ ਹਨ
ਤਿੰਨ ਮੂੰਹੇ ਸ਼ੇਰ ਲੁਕਦੇ ਫਿਰਦੇ ਨੇ
ਤਖ਼ਤਿਆਂ ਵਾਲੇ ਤਖ਼ਤ ਵੰਗਾਰਦੇ।

ਕਦੇ ਕਦੇ ਇਸ ਤਰ੍ਹਾਂ ਹੁੰਦਾ ਹੈ
ਕਿ ਬਿੱਲਾ ਆਪ ਹੀ ਪੈਰ ਧਰ ਕੇ
ਆਪਣੇ ਆਪ ਫਸ ਜਾਵੇ ਬਲਦੇ ਤੰਦੂਰ ਵਿਚ
ਕਾੜ੍ਹਨੀ ’ਚੋਂ ਦੁੱਧ ਪੀਂਦਾ ਕੁੱਤਾ ਧੌਣ ਫਸਾ ਬਹੇ
ਚੋਰ ਪਾੜ ਤੇ ਹੀ ਫੜਿਆ ਜਾਵੇ
ਗਿੱਦੜ–ਕੁੱਟ ਖਾਂਦਾ
ਫਸਿਆ ਫਸਿਆ ਬੇਸ਼ਰਮੀ ’ਚ
ਕੁਝ ਨਾ ਕਹਿਣ ਜੋਗਾ ਰਹੇ।

ਪਹਿਲੀ ਵਾਰ ਹੋਇਆ ਹੈ
ਕਿ ਖੇਤ ਅੱਗੇ ਅੱਗੇ ਤੁਰ ਰਹੇ ਨੇ
ਕੁਰਸੀਆਂ ਮਗਰ ਮਗਰ ਤੁਰਦੀਆਂ
ਬਿਨ ਬੁਲਾਏ ਬਾਰਾਤੀਆਂ ਵਾਂਗ
ਸਾਨੂੰ ਵੀ ਲੈ ਚੱਲੋ ਯਾਰ ਕਹਿੰਦੀਆਂ
ਮਨੂ ਸਿਮ੍ਰਤੀ ਤੋਂ ਬਾਅਦ ਨਵੇਂ ਅਛੂਤ ਐਲਾਨੇ ਹਨ
ਵਕਤਨਾਮੇ ਦੀ ਅਣਲਿਖੀ ਕਿਤਾਬ ਵਿਚ

ਪਹਿਲੀ ਵਾਰ
ਤੂੰਬੀਆਂ ਢੱਡਾਂ ਸਾਰੰਗੀਆਂ ਨੇ

ਪੀੜ ਪਰੁੱਚੀਆਂ ਤਰਜ਼ਾਂ ਕੱਢੀਆਂ ਨੇ
ਵਕਤ ਨੇ ਹੇਕਾਂ ਨੂੰ ਸ਼ੀਸ਼ਾ ਵਿਖਾਇਆ ਹੈ
ਮੁੱਕੇ ਵੰਗਾਰ ਬਣੇ ਹਨ
ਚੀਕਾਂ ਕੂਕ ਵਿਚ ਬਦਲੀਆਂ ਹਨ
ਲੇਰ ਨੂੰ ਆਵਾਜ਼ ਲੱਭੀ ਹੈ
ਮੁਕਤੀ ਨੂੰ ਸਿਰਨਾਵੇ ਦੀ ਦੱਸ ਪਈ ਹੈ

ਅੰਦਰ ਦੀਆਂ ਪੱਕੀਆਂ ਬਾਹਰ ਆਈਆਂ ਹਨ
ਸਾਜ਼ਿਸ਼ਾਂ, ਗੋਂਦਾਂ, ਚਾਲਾਂ, ਕੁਚਾਲਾਂ
ਕੰਨਿਆ ਕੁਮਾਰੀ ਤੋਂ ਕਸ਼ਮੀਰ ਤੀਕ
ਭਾਰਤ ਇਕ ਹੋਇਆ ਹੈ
ਲੁੱਟ ਤੰਤਰ ਦੇ ਖ਼ਿਲਾਫ਼

ਕਿਤਾਬਾਂ ਤੋਂ ਬਹੁਤ ਪਹਿਲਾਂ
ਵਕਤ ਬੋਲਿਆ ਹੈ
ਨਾਗਪੁਰੀ ਸੰਤਰਿਆਂ ਦਾ ਰੰਗ
ਫੱਕ ਹੋਇਆ ਹੈ ਲੋਕ ਦਰਬਾਰੇ

ਮੰਡੀਆਂ ’ਚ ਦਾਣੇ ਤੜਫ਼ੇ ਹਨ
ਆੜ੍ਹਤੀਆਂ ਨੇ ਹਾਉਕਾ ਭਰਿਆ ਹੈ
ਪੱਲੇਦਾਰਾਂ ਨੇ ਕਮਰਕੱਸਾ ਕੀਤਾ ਹੈ
ਸੜਕਾਂ, ਰੇਲਵੇ ਟਰੈਕ ਨੇ
ਬਾਬੇ ਪੋਤਰੇ, ਦਾਦੀਆਂ ਪੋਤਰੀਆਂ
ਜ਼ਿੰਦਾਬਾਦ ਦੀ ਜੂਨ ਪਈਆਂ ਵੇਖੀਆਂ ਨੇ।

ਪਹਿਲੀ ਵਾਰ
ਬੰਦ ਬੂਹਿਆਂ ਦੇ ਅੰਦਰ
ਲੱਗੇ ਸ਼ੀਸ਼ਿਆਂ ਨੇ ਦੱਸਿਆ ਹੈ ਅੰਦਰਲਾ ਕਿਰਦਾਰ
ਕਿ ਕੁਰਸੀਆਂ ਨੇ ਨਾਚ ਨਚਾਇਆ ਨਹੀਂ
ਝਾਂਜਰਾਂ ਬੰਨ੍ਹ ਖ਼ੁਦ ਨੱਚਿਆ ਹੈ

ਕਾਠ ਦੀ ਪੁਤਲੀ ਨੂੰ ਨਚਾਉਂਦੀਆਂ
ਤਣਾਵਾਂ ਮਗਰਲੇ ਹੱਥ ਨੰਗੇ ਹੋਏ ਨੇ।

ਝੋਨੇ ਦੇ ਵੱਢ ਵਿਚ
ਕਣਕ ਜੰਮਣੋਂ ਇਨਕਾਰੀ ਹੈ
ਸਹਿਮ ਗਿਆ ਹੈ ਬੰਬੀਆਂ ਦਾ ਪਾਣੀ
ਕਿੱਲੇ ਬੱਧੀਆਂ ਮਹੀਂਆਂ ਗਾਈਂਆਂ
ਦੁੱਧੋਂ ਭੱਜ ਗਈਆਂ ਨੇ
ਦੁੱਧ ਪੀਣੀ ਬਿੱਲੀ
ਥੈਲਿਓਂ ਬਾਹਰ ਆਈ ਹੈ
ਹਾਲੀ ਪਾਲੀ ਅਰਥ ਸ਼ਾਸਤਰ ਪੜ੍ਹੇ ਹਨ
ਬਿਨਾਂ ਸਕੂਲਾਂ ਕਾਲਜਾਂ ਦੀਆਂ
ਜਮਾਤਾਂ 'ਚ ਗਏ ਪਟਾਕਦੇ ਹਨ
ਫਰਨ ਫਰਨ ਅਰਥਾਉਂਦੇ ਹਨ
ਸੱਤਾ ਦੀ ਵਿਆਕਰਣ।
ਫ਼ਿਕਰੇ ਜੁੜਨ ਨਾ ਜੁੜਨ
ਅਰਥ ਕਤਾਰੋ ਕਤਾਰ ਖੜ੍ਹੇ ਹਨ।
ਪਹਿਲੀ ਵਾਰ ਅਰਥਾਂ ਨੇ ਸ਼ਬਦਾਂ ਨੂੰ
ਕਟਹਿਰੇ 'ਚ ਖੜ੍ਹਾ ਕਰ ਲਾਜਵਾਬ ਕੀਤੈ।
ਅੰਬਰ ਨੇ ਤਾਰਿਆਂ ਦੀ ਛਾਵੇਂ
ਮੁੱਦਤ ਬਾਅਦ ਵੇਖਿਆ ਨੇ
ਪੁੱਤਰ ਧੀਆਂ
ਲੋਹ ਲੰਗਰ ਪਕਾਉਂਦੇ ਵਰਤਾਉਂਦੇ
ਸੂਰਜ ਤੇ ਚੰਦਰਮਾ ਇਕੋ ਜੇਹਿਆ
ਬੇਰਹਿਮ ਤਾਰਾ ਮੰਡਲ ਨੇੜਿਓਂ ਤੱਕਿਆ ਹੈ
ਕੰਬਲ ਦੀ ਠੰਢ ਵਾਲੇ ਮਹੀਨੇ
ਅੰਦਰ ਅੱਗ ਮੱਚਦੀ ਹੈ
ਮੁੜ੍ਹਕੇ ਨਾਲ ਭਿੱਜਿਆ ਹੈ ਪੂਰਾ ਤਨ ਬਦਨ

ਝੰਡੇ ਅੱਗੇ ਝੰਡੀਆਂ ਮੁਜਰਿਮ ਬਣੀਆਂ ਹਨ
ਚੌਂਕੀਦਾਰਾਂ ਨੂੰ ਸਵਾਲਾਂ ਨੇ ਵਿੰਨ੍ਹਿਆ ਹੈ
ਬਿਨ ਤੀਰ ਤਲਵਾਰੋਂ
ਗੋਦੀ ਬੈਠੇ ਲਾਡਲੇ ਅੱਖਰ
ਬੇਯਕੀਨੇ ਹੋਏ ਨੇ ਚੁਰਸਤਿਆਂ 'ਚ
ਸੁਆਲਾਂ ਦਾ ਕੱਦ
ਵਧ ਗਿਆ ਹੈ ਜਵਾਬਾਂ ਨਾਲੋਂ

ਪਹਿਲੀ ਵਾਰ
ਤੱਥ ਸਿਰ ਚੜ੍ਹ ਬੋਲੇ ਹਨ ਬੇਬਾਕ ਹੋਕੇ
ਧਰਤੀ ਪੁੱਤਰਾਂ ਨੇ ਸਵਾ ਸਦੀ ਬਾਅਦ
ਪਗੜੀ ਸੰਭਾਲੀ ਹੈ
ਸਿਆੜਾਂ ਦੀ ਸਲਾਮਤੀ ਲਈ

•

## ਟੀਸ

ਸਦੀਆਂ ਤੋਂ ਸੁੱਤੀ
ਇਕ ਟੀਸ
ਮਨਾਂ 'ਚੋਂ ਫੇਰ ਉੱਠੀ ਹੈ
ਸਿੰਘੂ ਦੇ ਖੰਡਰ ਵਿਚ ਸੁੱਤੀ
ਸਿਸਕੀ ਜਾਗੀ...

ਹਿਰਖਾਂ, ਹਿਰਸਾਂ, ਹਿੰਮਤਾਂ
ਡੇਰਾ ਆਣ ਜਮਾਇਆ
ਦਿੱਲੀ ਦੇ ਦਰਵਾਜ਼ੇ ਉੱਤੇ
ਚੌਤਰਫ਼ੀਂ ਸੈਲਾਬ ਸਿਰਾਂ ਦਾ...

ਪਾਣੀਪਤ ਦਾ ਪਾਣੀ ਪੀ ਕੇ
ਜੀਵਤ ਹੋ ਗਈ ਗੌਰਵ-ਗਾਥਾ
ਆਤਮ ਵਿਸ਼ਵਾਸਾਂ ਦੀ
ਆਂਦਰ ਨੇ ਫਿਰ ਅੱਖ ਪੁੱਟੀ
ਅਜ਼ਮਤ ਢਾਲ ਬਣਾ ਕੇ ਤਣਿਆ
ਪੁੱਤ ਖੇਤਾਂ ਦਾ...

ਅੱਖਾਂ ਨੂੰ ਅਬਦਾਲੀ ਦਿਸਦਾ
ਆਇਆ ਲੁੱਟਣ ਮਾਲ-ਸਵਾਬ
ਫਿਰ ਇਕ ਵਾਰੀ...

ਅਬਦਾਲੀ ਦੀ ਕੰਡ ਭੰਨਣ ਨੂੰ
ਜੁੱਟੇ ਲਸ਼ਕਰ ਸਿੰਘੂ ਉੱਤੇ

ਘੋੜੇ, ਹਾਥੀ, ਗੱਡੇ, ਗੱਡੀਆਂ
ਰੱਥ ਰਥਵਾਨ...
ਆਪੇ ਬਣ ਗਏ ਧਰਤੀ ਪੁੱਤਰ...

ਤਰਕ-ਸ਼ਬਦ ਦੇ ਗੋਲੇ ਦਾਗ਼ਣ
ਸੱਤਾਧਾਰੀ ਫੁਰਮਾਨਾਂ 'ਤੇ

ਇਕ ਇਕ ਕਰਕੇ
ਕਰਦੇ ਭਸਮ ਦਲੀਲਾਂ...

ਖੌਫ਼...ਖੁਦਕੁਸ਼ੀ...ਖਤਰੇ...
ਮੁੜ ਮੁੜ ਖੇਤਾਂ ਅੰਦਰ ਖਿੜਦੇ ਦਿਸਦੇ
ਹਠ, ਹੰਕਾਰ, ਵੰਗਾਰ
ਸ਼ੂਕਦੇ ਚਾਰ ਚੁਫ਼ੇਰੇ...

ਗੌਰਵ ਭਰੀਆਂ ਹਿੱਕਾਂ ਤਣੀਆਂ
ਤਣ ਗਏ ਮੁੱਕੇ ਵਿਸ਼ਵਾਸਾਂ ਦੇ...
ਹਰ ਮੈਦਾਨ ਫ਼ਤਹਿ ਦੀ ਗੁੜ੍ਹਤੀ
ਜਿੱਤਾਂ ਦੇ ਸ਼ਮਲੇ ਦੀ ਚਾਹਤ
ਲਟ ਲਟ ਬਲਦੀ...

'ਪਗੜੀ ਨੂੰ ਸੰਭਾਲ ਓ ਜੱਟਾ' ਬੋਲੇ ਗੂੰਜਣ
ਤਿਕੜਣ ਲੱਗੇ ਭਰਮ-ਭੁਕਾਨੇ
ਸੱਤਾ ਵਾਲੇ
ਇਕ ਇਕ ਕਰਕੇ
ਛੜਯੰਤਰ ਦਾ ਯੰਤਰ ਲੈ ਕੇ
ਸੱਤਾ ਘੁੰਮਦੀ
ਆਲ-ਦੁਆਲੇ...
ਛੜਯੰਤਰ ਦਾ ਯੰਤਰ ਕਿੱਦਾਂ
ਫਟੇ ਭੁਕਾਨੇ ਸੀਂ ਸਕਦਾ ਹੈ ?

ਤਵਾਰੀਖ ਨੇ
ਅਜਬ ਅਜੀਬੀ ਅੱਖ ਪੁੱਟੀ ਹੈ
ਸਦੀਆਂ ਤੋਂ ਸੁੱਤੀ ਇਕ ਟੀਸ
ਮਨਾਂ 'ਚੋਂ ਫੇਰ ਉੱਠੀ ਹੈ...!

•

## ਸਿਦਕ ਦਾ ਸਫ਼ਰ

ਸੱਤਾ ਦੇ ਨਸ਼ੇ 'ਚ ਚੂਰ
ਕੇਂਦਰ ਦੀ ਹੰਕਾਰੀ ਹਕੂਮਤੇ
ਅਜੇ ਹੀ ਤੈਨੂੰ ਕੀ ਦੱਸ ਦੇਈਏ
ਕਿੰਨਾ ਲੰਮਾ ਹੈ
ਸਿਦਕ ਦਾ ਸਫ਼ਰ ਸਾਡਾ।

ਤੇਰੀਆਂ ਕਮੀਣੀਆਂ ਨਜ਼ਰਾਂ 'ਚ
ਇਹ ਭੀੜ ਹੈ ਤਮਾਸ਼ਬੀਨਾਂ ਦੀ
ਤੇ ਰੋਹ ਭਰੇ ਬੋਲਾਂ ਨੂੰ
ਹੱਕ ਸੱਚ ਲਈ ਉੱਠੀ
ਕਿਰਤੀ ਕਿਸਾਨਾਂ ਦੀ ਆਵਾਜ਼ ਨੂੰ
ਤੂੰ ਸੰਘਰਸ਼ ਨਹੀਂ ਸ਼ੁਗਲ ਹੀ ਸਮਝਿਆ।

ਤੇਰੀ ਮੀਡੀਆ ਸਿਰਫ਼ ਬੀਨਾਂ ਨੇ
ਜਿਸ ਦੀਆਂ ਧੁਨਾਂ 'ਤੇ
ਤੂੰ ਬੋਲਦੀ ਏਂ ਦਿਨ-ਰਾਤ
ਨਿਰੀ ਹੰਕਾਰ ਦੀ ਬੋਲੀ।

ਜਿਸ ਸ਼ਹਿ 'ਤੇ ਤੂੰ
ਉੱਛਲ ਉੱਛਲ ਪੈ ਰਹੀ ਏਂ
ਇਹ ਨਹੀਂ ਰਹਿਣੀ ਬਹੁਤਾ ਚਿਰ
ਹੁਣ ਤਾਂ ਆਸੇ ਪਾਸਿਉਂ ਵੀ
ਦੂਰ ਦੁਰਾਡੇ ਦੇਸ਼ ਦੇਸ਼ਾਂਤਰਾਂ ਤੋਂ ਵੀ
ਆ ਰਹੀਆਂ ਨੇ ਆਵਾਜ਼ਾਂ
ਤੇਰੀ ਮੂੜ-ਮੱਤ ਦੀਆਂ।

ਸੱਚ ਦੇ ਸੰਘਰਸ਼ ਲਈ
ਸੱਤਾ ਦੇ ਸਤਾਏ ਲੋਕਾਂ ਦੇ ਜਦੋਂ

ਨਿਮਾਣੇ ਨਿਤਾਣੇ ਪੈਰ ਕਾਫ਼ਲਾ ਬਣ
ਤੁਰ ਪੈਂਦੇ ਨੇ ਸ਼ਾਹ-ਰਾਹਾਂ ’ਤੇ
ਤਾਂ ਉਨ੍ਹਾਂ ਦੀਆਂ ਪੈੜਾਂ
ਇਤਿਹਾਸ ਦੇ ਸਫ਼ੇ ’ਤੇ
ਉੱਕਰੀਆਂ ਜਾਂਦੀਆਂ ਨੇ ਸਦੀਵੀ।

ਹੱਕ ਸੱਚ ਲਈ ਹੱਕੀ ਹਰਕਾਰੇ ਬਣ
ਜਦੋਂ ਲੋਕ ਜੁੜ ਤੁਰਦੇ ਨੇ
ਲੰਮ-ਸਲੰਮੇ ਦਾਈਏ ਸੰਗ
‘ਨਿਸ਼ਚੈ ਕਰ ਜੀਤ ਕਰੂੰ’ ਦਾ
ਸਿਰੜੀ ਸੰਕਲਪ ਲੈ ਕੇ
ਉਦੋਂ ਸਿੰਘਾਸਣ ਸਥਿਰ ਨਹੀਂ ਰਹਿੰਦੇ।

ਦਿੱਲੀ ਦੇ ਬੜੇ ਰੰਗ ਦੇਖੇ ਨੇ
ਰਾਜ ਪਲਟੇ ਦੀਆਂ ਹੋਣੀਆਂ ਵੀ ਭੋਗੀਆਂ
ਤੇ ਤਬਾਹੀ ਦੇ ਮੰਜ਼ਰ ਵੀ ਤੱਕੇ
ਸਥਿਰ ਸਿਰਫ਼ ਸੇਵਾ ਦਾ ਸੰਕਲਪ ਏ
ਜੋ ਤੇਰੇ ਚਿੱਤ ’ਚੋਂ
ਸ਼ਾਇਦ ਵਿਸਰ ਚੁੱਕਾ ਹੈ।

ਕੇਂਦਰ ਦੀ ਹੰਕਾਰੀ ਹਕੂਮਤੇ
ਯਾਦ ਰੱਖ ਲੋਕਾਂ ਦਾ ਸਬਰ
ਜਦੋਂ ਪੀੜਤ ਹੋ ਪਾਟਦੈ
ਤਾਂ ਸਿੰਘਾਸਣ ਦੇ ਚਾਰੇ ਪਾਵੇ
ਹਿਲਾ ਕੇ ਰੱਖ ਦਿੰਦਾ ਹੈ।

•

ਕਵਿਤਾ : *ਸੁਰਜੀਤ ਜੱਜ*

## ਯੁੱਧ ਕਿਲੇ ਤੇ ਖੇਤ ਦਾ ਏ

ਇਹ ਹੱਲ ਬੋਲ ਕਿਸਾਨ ਦਾ ਏ
ਹੱਕ ਮੰਗਦੇ ਹਰ ਇਨਸਾਨ ਦਾ ਏ
ਵਰ੍ਹਿਆਂ ਤੋਂ ਸੁਲਝਦੇ ਹਰਖ ਦਾ ਏ
ਸਾਡੀ ਹਰ ਪਲ ਹੁੰਦੀ ਪਰਖ ਦਾ ਏ
ਮੋਢਿਆਂ 'ਤੇ ਉੱਗਦੇ ਸਿਰਾਂ ਦਾ ਏ
ਯੁੱਧ ਸੱਚੀਆਂ ਝੂਠੀਆਂ ਧਿਰਾਂ ਦਾ ਏ
ਸੜਕਾਂ, ਰਾਹਾਂ, ਵੱਟਾਂ ਬੰਨ੍ਹਿਆਂ 'ਤੇ
ਹਾਕਮ ਦੀ ਪੁਟੀਂਦੀ ਕਬਰ ਦਾ ਏ
ਅਸੀਂ ਮੇਲਾ ਵੇਖਣ ਨਹੀਂ ਆਏ
ਇਹ ਯੁੱਧ ਸਿਤਮ ਤੇ ਸਬਰ ਦਾ ਏ

ਇਹ ਯੁੱਧ ਲੁੱਟ ਹੁੰਦੀ ਫ਼ਸਲ ਦਾ ਏ
ਰੋਲ਼ੀ ਜਾਂਦੀ ਹਰ ਨਸਲ ਦਾ ਏ
ਪਿਓ, ਬਾਬੇ, ਦਾਦੀ, ਨਾਨੀ ਦਾ
ਇਹ ਯੁੱਧ ਹੈ ਸਤੀ ਜਵਾਨੀ ਦਾ
ਜੋ ਗਦਰੀ ਬਾਬੇ ਬੀਜ ਗਏ
ਉੱਗਦਾ ਜੋ ਹੁਸੈਨੀਵਾਲੇ ਤੋਂ
ਸਾਡੇ ਮੱਥਿਆਂ ਵਿਚ ਉਸ ਚਾਨਣ ਦੇ
ਪਲ-ਪਲ ਹੁੰਦੇ ਪ੍ਰਵੇਸ਼ ਦਾ ਏ
ਅਸੀਂ ਮੇਲਾ ਵੇਖਣ ਨਹੀਂ ਆਏ
ਇਹ ਯੁੱਧ ਦਿੱਲੀ ਤੇ ਦੇਸ਼ ਦਾ ਏ

ਇਹ ਯੁੱਧ ਬੰਦੇ ਦੇ ਬੰਦਿਆਂ ਦਾ
ਇਹ ਯੁੱਧ ਲੱਧੀ ਦੇ ਦੁੱਲਿਆਂ ਦਾ
ਨਾਨਕ, ਰਵਿਦਾਸ, ਕਬੀਰ ਸਣੇ
ਇਹ ਯੁੱਧ ਵਾਰਿਸਾਂ-ਬੁੱਲ੍ਹਿਆਂ ਦਾ
ਇਹ ਯੁੱਧ ਹੈ ਕੱਚੀਆਂ ਗੜ੍ਹੀਆਂ ਦਾ

ਇਹ ਯੁੱਧ ਕਿਤਾਬਾਂ ਪੜ੍ਹੀਆਂ ਦਾ
ਹੈ ਸੱਚ ਸਦੀਵੀ ਸਮਿਆਂ ਦਾ
ਤੇ ਉਜ਼ਰ ਅਗੇਤ-ਪਿਛੇਤ ਦਾ ਏ
ਇਹ ਕੁੰਭ ਦਾ ਕੋਈ ਮੇਲਾ ਨਈਂ
ਇਹ ਯੁੱਧ ਕਿਲ੍ਹੇ ਤੇ ਖੇਤ ਦਾ ਏ

ਇਹ ਹਿੰਦ-ਪੰਜਾਬ ਦਾ ਜੰਗ ਨਹੀਂ
ਇਹ ਯੁੱਧ ਮਹਿਲਾਂ ਤੇ ਕੁੱਲੀਆਂ ਦਾ
ਜੋ ਵਰ੍ਹਿਆਂ ਤੋਂ ਸੀ ਚੁੱਪ ਪਈਆਂ
ਇਹ ਯੁੱਧ ਹੁਣ ਖੁੱਲ੍ਹੀਆਂ ਬੁੱਲ੍ਹੀਆਂ ਦਾ
ਇਹ ਯੁੱਧ ਹੈ ਉੱਠੀਆਂ ਬਾਹਵਾਂ ਦਾ
ਇਹ ਯੁੱਧ ਹੈ ਤਣਿਆਂ ਮੁੱਕਿਆਂ ਦਾ
ਯੁੱਧ ਜ਼ਹਿਰੀ ਕੀਤੀਆਂ ਪੌਣਾਂ ਦਾ
ਇਹ ਯੁੱਧ ਦਰਿਆਵਾਂ ਸੁੱਕਿਆਂ ਦਾ
ਹਰ ਪਿੰਡ ਹਰ ਸ਼ਹਿਰ 'ਚ ਉੱਗ ਆਏ
ਯੁੱਧ ਜਲ੍ਹਿਆਂਵਾਲਾ ਬਾਗ਼ ਦਾ ਏ
ਇਹ ਯੁੱਧ ਉਹ ਯੁੱਧ ਹੈ ਜੋ ਹਰ ਪਲ
ਸਿਰ ਤੋਂ ਪੈਰਾਂ ਤਕ ਜਾਗਦਾ ਏ

ਇਹ ਯੁੱਧ ਨੇ ਸਾਨੂੰ ਜਣਨਾ ਏਂ
ਇਸ ਯੁੱਧ ਨੇ ਸਾਨੂੰ ਘੜਨਾ ਏਂ
ਇਕ-ਇਕ ਡੰਡਾ ਕਰ ਅਸੀਂ ਅਜੇ
ਇਸ ਯੁੱਧ ਦੀ ਪੌੜੀ ਚੜ੍ਹਨਾ ਏਂ
ਇਹ ਯੁੱਧ ਮਾਇਆ ਤੇ ਮੋਹ ਦਾ ਏ
ਯੁੱਧ ਦਬਕੇ ਅਤੇ ਦੁਲਾਰ ਦਾ ਏ
ਇਹ ਯੁੱਧ ਲੋਕਾਂ ਤੇ ਦੇਸ਼ ਦਾ ਨਈਂ
ਯੁੱਧ ਰਈਅਤ ਤੇ ਸਰਕਾਰ ਦਾ ਏ

ਹੱਕ–ਸੱਚ ਲਈ ਘਾਲੀਆਂ ਘਾਲਾਂ 'ਚੋਂ
ਸੁਰਜੀਤ ਹੋਈ ਹਰ ਗੀਤ ਦਾ ਏ
ਇਹ ਯੁੱਧ ਹਾਰਾਂ ਦਰ ਹਾਰਾਂ 'ਚੋਂ
'ਨਿਸ਼ਚੈ ਕਰ ਆਪਣੀ ਜੀਤ' ਦਾ ਏ
ਰਣ–ਖੇਤ ਹੈ ਜੂਝਣ ਵਾਲਿਆਂ ਲਈ
ਤੇ ਸਬਕ ਹੈ ਹਠੀ ਹਨੇਰ ਲਈ
ਅਸੀਂ ਮੇਲਾ ਵੇਖਣ ਨਈ੍ਹੀਂ ਆਏ
ਇਹ ਯੁੱਧ ਹੈ ਨਵੀਂ ਸਵੇਰ ਲਈ

•

✶

ਸੁਲਗ਼ਦੇ ਹਰ ਖੇਤ ’ਚੋਂ ਤੂਫ਼ਾਨ ਚੜ੍ਹਿਆ ਆ ਰਿਹਾ ਹੈ।
ਹਲ਼ ਦੇ ਫਾਲ਼ੇ ਨਾਲ ਹੁਣ ਇਤਿਹਾਸ ਲਿਖਿਆ ਜਾ ਰਿਹਾ ਹੈ।

ਹੇਠਲੀ ਉੱਤੇ ਕਰੇ ਬਾਝੋਂ ਗਤੀ ਹੋਣੀ ਨਾ ਆਪਣੀ,
ਹੇਠ ਜੁੜਿਆ ਬੈਲ ਉਤਲੇ ਨੂੰ ਇਹੋ ਸਮਝਾ ਜਿਹਾ ਹੈ।

ਪਿੰਡ ਦੇ ਅਨਪੜ੍ਹ ਬਜ਼ੁਰਗਾਂ ਨੇ ਪੜ੍ਹੀ ਮਿੱਟੀ ਦੀ ਭਾਸ਼ਾ,
ਕਰਤ-ਵਿਦਿਆ ਦਾ ਇਹ ਜਲਵਾ ਡਿਗਰੀਆਂ ’ਤੇ ਛਾ ਰਿਹਾ ਹੈ।

ਮਾਰ ਕੇ ਸਿਰ ’ਤੇ ਮੜਾਸਾ ਭਰ ਕੇ ਅੱਖਾਂ ਵਿਚ ਖ਼ੁਮਾਰੀ,
ਜੋ ਕਦੇ ਮੋਗੇ ਗਿਆ ਨਾ ਉਹ ਵੀ ਦਿੱਲੀ ਜਾ ਰਿਹਾ ਹੈ।

ਚਾਲ ਮੁਰਲੀਧਰ ਦੀ ਕੌਰਵ ਪਾਂਡਵਾਂ ਨੂੰ ਸਮਝ ਆਈ,
ਫੇਰ ਤੋਂ ਸਤਲੁਜ ਭਰਾ ਜਮਨਾ ਨੂੰ ਸੀਨੇ ਲਾ ਰਿਹਾ ਹੈ।

ਡਰ ਗਈ ਹੈ ਰਾਤ ਹੁਣ ਜਗਦੇ ਦਿਲਾਂ ਦੀ ਰੌਸ਼ਨੀ ਤੋਂ,
ਦੀਵਿਆਂ ਦਾ ਸੇਕ ਪਾਵੇ ਤਖ਼ਤ ਦੇ ਪਿਘਲਾ ਰਿਹਾ ਹੈ।

•

ਕਵਿਤਾ : *ਸਵਰਾਜਬੀਰ*

## ਕਿਸਾਨ ਹਾਂ

ਕਿਸਾਨ ਹਾਂ, ਕਿਸਾਨ ਹਾਂ, ਕਿਸਾਨ ਹਾਂ ਮੈਂ।
ਜ਼ਾਲਮ ਦੇ ਅੱਗੇ, ਜੰਗ ਦਾ ਐਲਾਨ ਹਾਂ ਮੈਂ।

ਮੈਂ ਲੈਅ ਕਿਰਤ ਦੀ, ਖੇਤ ਦੀ ਖ਼ੁਸ਼ਬੋ ਦੇ ਵਰਗਾ
ਬਾਣੀ 'ਚੋਂ ਮਿਲੇ ਗਿਆਨ ਦੀ ਮੈਂ ਲੋਅ ਦੇ ਵਰਗਾ
ਸਿਆੜਾਂ 'ਚੋਂ ਉੱਠੀ ਜੀਵਨ ਦੀ ਕਨਸੋਅ ਦੇ ਵਰਗਾ
ਗੁਰੂ ਨਾਨਕ ਤੇ ਰਵਿਦਾਸ ਦੀ, ਸੁਰ ਤਾਣ ਹਾਂ ਮੈਂ
ਕਿਸਾਨ ਹਾਂ, ਕਿਸਾਨ ਹਾਂ, ਕਿਸਾਨ ਹਾਂ ਮੈਂ।

ਬਣ ਗ਼ਦਰੀ ਯੋਧਾ, ਨਾਲ ਮੈਂ ਅੰਗਰੇਜ਼ਾਂ ਲੜਿਆ
ਬਣ ਭਗਤ ਸਰਾਭਾ ਹਾਣੀਓਂ ਮੈਂ ਫਾਂਸੀ ਚੜ੍ਹਿਆ
ਗੁਰੂਆਂ ਤੋਂ ਸਾਂਝੀਵਾਲਤਾ ਦਾ ਪਾਠ ਮੈਂ ਪੜ੍ਹਿਆ
ਹੱਕ ਸੱਚ ਲਈ ਖਿੱਚਿਆ, ਤੀਰ ਕਮਾਨ ਹਾਂ ਮੈਂ
ਕਿਸਾਨ ਹਾਂ, ਕਿਸਾਨ ਹਾਂ, ਕਿਸਾਨ ਹਾਂ ਮੈਂ।

ਸੋਹਣੇ ਵਤਨ ਦਾ ਕਿਰਤੀ ਤੇ ਮਜ਼ਦੂਰ ਹਾਂ ਮੈਂ
ਗਗਨ ਦਮਾਮਿਉਂ ਉਗਮਦਾ ਸਰੂਰ ਹਾਂ ਮੈਂ
ਜੋ ਹੱਕਾਂ ਖ਼ਾਤਰ ਲੜ ਰਿਹਾ ਦਸਤੂਰ ਹਾਂ ਮੈਂ
ਮਿੱਟੀ ਨਾਲ ਮਿੱਟੀ ਹੋ ਰਿਹਾ ਤੂਫ਼ਾਨ ਹਾਂ ਮੈਂ
ਕਿਸਾਨ ਹਾਂ, ਕਿਸਾਨ ਹਾਂ, ਕਿਸਾਨ ਹਾਂ ਮੈਂ।

•

## ਹੱਥ

ਹੇ ਕਿਰਤੀ ਕਿਸਾਨ
ਤੇਰਾ ਹੱਥ ਤਾਂ ਸੱਚਾ ਸੁੱਚਾ
ਕਿਰਤ ਕਲਾ ਦਾ ਉਪਾਸ਼ਕ ਏ
ਸਰਬ ਕਲਾ ਸਮਰੱਥ ਏ
ਵਿਸ਼ਵਕਰਮਾ ਦਾ ਵਰਦਾਨ ਇਸ ਨੂੰ
ਸੰਦਾਂ ਦਾ ਪਰਣਾਮ ਇਸ ਨੂੰ
ਸ਼ਾਸਤਰਾਂ ਦੀ ਪਾਨ ਚੜ੍ਹਿਆ
ਯੋਧਿਆਂ ਦਾ ਸੰਸਕਾਰ ਏ
ਇਹ ਅਲਸਾਇਆ ਵੀ ਗਤੀਸ਼ੀਲ ਏ
ਇਹ ਝੁਰੜਾਇਆ ਵੀ ਸਖ਼ਤ ਠੋਸ ਏ।

ਹਵਾ ਵਿਚ ਲਹਿਰਾਵੇ ਤਾਂ
ਝੰਡੇ ਦੀ ਨਿਆਈਂ ਹੋਵੇ
ਹੱਥ ਨਾਲ ਹੱਥ ਮਿਲਾਵੇ ਤਾਂ
ਮਖ਼ਮਲ ਵਾਂਗ ਮੁਲਾਇਮ ਹੋਵੇ
ਪੰਜਾ ਡਾਹਵੇ ਤਾਂ
ਪਰਬਤਾਂ ਨੂੰ ਥੰਮ੍ਹ ਲਵੇ
ਕਲਮ ਚੁੱਕੇ ਤਾਂ
ਪੱਥਰ ਕਸ਼ੀਦ ਲਵੇ
ਲੋਹੇ ਨਾਲ ਲੋਹਾ ਹੋਵੇ ਤਾਂ
ਅੰਗਿਆਰ ਕਿਰਦੇ
ਮਿੱਟੀ ਨਾਲ ਮਿੱਟੀ ਹੋਵੇ ਤਾਂ
ਸਿਰਜਣਾ ਸਾਕਾਰ ਹੋਵੇ
ਸ਼ਾਸਤਰ ਫੜੇ ਤਾਂ
ਜਬਰ ਦਾ ਥੰਮ੍ਹ ਹਿਲਾਵੇ
ਮਜ਼ਲੂਮ ਨਾਲ ਖੜ੍ਹੇ ਤਾਂ
ਝੰਡਾ ਗੱਡ ਕੇ ਵਿਖਾਵੇ

ਜਦ ਕੋਈ ਲਵੇ ਇਮਤਿਹਾਨ
ਏਸੇ ਹੱਥ 'ਚੋਂ ਉੱਠਣ ਤੂਫ਼ਾਨ
ਤੂੰ ਜਾਣ ਨਾ ਜਾਣ
ਪਰ ਜਾਣੇ ਕੁਲ ਜਹਾਨ
ਹੇ ਕਿਰਤੀ ਕਿਸਾਨ।

•

ਕਵਿਤਾ : *ਦਰਸ਼ਨ ਬੁੱਟਰ*

## ਲਹੂ ਭਿੱਜਾ ਗੀਤ

ਚਲੋ ਮੈਂ ਨਈਂ ਲਿਖਦਾ
ਰਾਹਾਂ ਦੀਆਂ ਦੁਸ਼ਵਾਰੀਆਂ ਬਾਰੇ
ਪਰ ਕੀ ਕਰਾਂ
ਓਸ ਸਫ਼ਰ ਗਾਥਾ ਦਾ
ਜੋ ਉੱਕਰੀ ਪਈ
ਪੈਰਾਂ ਦੀਆਂ ਬਿਆਈਆਂ ਵਿਚ

ਚਲੋ ਮੈਂ ਨਈਂ ਦੱਸਦਾ
ਕਰਜ਼ੇ ਦਿਆਂ ਸਪੋਲੀਆਂ ਬਾਰੇ
ਪਰ ਕੀ ਕਰਾਂ
ਓਸ ਅਗਨ-ਗਾਥਾ ਦਾ
ਜੋ ਸੁਲਘ ਰਹੀ ਏ
ਮੇਰੇ ਪਿੰਡ ਦੀਆਂ ਸੱਥਾਂ ਵਿਚ

ਚਲੋ ਮੈਂ ਨਈਂ ਪੜ੍ਹਦਾ
ਧਰਤ ਦਿਆਂ ਹਟੋਕਿਆਂ ਬਾਰੇ
ਪਰ ਕੀ ਕਰਾਂ
ਓਸ ਦਰਦ-ਗਾਥਾ ਦਾ
ਜੋ ਛਪਦੀ ਪਈ ਏ
ਮਾਰੂਥਲਾਂ ਤੇ ਰੋਹੀਆਂ ਵਿਚ

ਚਲੋ ਮੈਂ ਨਈਂ ਗਾਉਂਦਾ
ਲਹੂ 'ਚ ਭਿੱਜੇ ਗੀਤਾਂ ਨੂੰ
ਪਰ ਕੀ ਕਰਾਂ
ਸੀਨੇ 'ਚ ਕੈਦ ਤਰਜ਼ਾਂ ਦਾ
ਜੋ ਰੁਕ-ਰੁਕ ਸਿੰਮਦੀਆਂ
ਬੇਵਸ ਹੀ ਮੇਰੇ ਨੈਣਾਂ 'ਚੋਂ

ਚਲੋ ਮੈਂ ਨਈਂ ਸੁਣਦਾ
ਕਣ-ਕਣ 'ਚੋਂ ਉੱਠਦੇ ਬੋਲਾਂ ਨੂੰ
ਪਰ ਕੀ ਕਰਾਂ
ਖੇਤਾਂ 'ਚੋਂ ਉੱਠੇ ਤੂਫ਼ਾਨਾਂ ਦਾ
ਜੋ ਦਿੰਦੇ ਨੇ ਸੁਨੇਹਾ
ਹੁਣ ਯੁੱਗ ਬਦਲਣ ਦਾ

ਚਲੋ ਮੈਂ ਨਈਂ ਲਿਖਦਾ...

•

ਕਵਿਤਾ : *ਡਾ. ਮੋਹਨ ਤਿਆਗੀ*

## ਧੂੰਆਂ

ਹਾਕਮ
ਬੇਚੈਨ ਹੈ
ਤਿਲਮਿਲਾ ਰਿਹਾ ਹੈ
ਕਿ ਪੰਜਾਬ ਦੇ ਖੇਤਾਂ
ਵਿਚੋਂ ਉੱਠਦਾ ਧੂੰਆਂ
ਆਖ਼ਰ ਅੱਗ ਦਾ ਭਾਂਬੜ
ਬਣ ਦਿੱਲੀ ਕਿਵੇਂ ਪਹੁੰਚਿਆ

ਕਿਸੇ ਵੇਲੇ ਇਹ ਧੂੰਆਂ
ਦੋਸ਼-ਮੁਕਤ ਹੁੰਦਾ ਸੀ
ਪਰ ਜਿਵੇਂ ਜਿਵੇਂ ਇਹ ਧੂੰਆਂ
ਸਰਕਾਰਾਂ ਦੀ ਸੰਘੀ ਥਾਣੀਂ
ਨੀਚੇ ਉਤਰਦਾ ਗਿਆ
ਦਿਨੋ-ਦਿਨ ਇਲਜ਼ਾਮ
ਬਣਦਾ ਗਿਆ

ਤੇ ਫਿਰ ਇਕ ਦਿਨ
ਤਖ਼ਤ ਨੇ
ਆਪਣੇ ਫ਼ੌਜਦਾਰਾਂ ਨੂੰ
ਹੁਕਮ ਚਾੜਿਆ
ਇਸ ਜ਼ਹਿਰੀਲੇ ਧੂੰਏਂ ਨੂੰ ਕਾਬੂ ਕਰਕੇ
ਕੋਈ ਕਰੜੀ ਸਜ਼ਾ ਸੁਣਾਉ
ਇਸ ਨੇ ਤਾਂ ਜੀਣਾ ਦੁੱਭਰ
ਕਰ ਦਿੱਤਾ ਹੈ

ਪਰ ਇਹ ਬਾਗ਼ੀ ਧੂੰਆਂ ਹਾਕਮ ਦੇ
ਵੱਸੋਂ ਬਾਹਰ ਹੁੰਦਾ ਹੋਇਆ
ਆਏ ਦਿਨ ਅੱਗ

ਬਣਦਾ ਗਿਆ
ਤੇ ਹੁਣ ਇਹ ਅੱਗ ਦਿੱਲੀ ਦੀਆਂ
ਸੜਕਾਂ 'ਤੇ ਕੁਹਰਾਮ
ਮਚਾਉਣ ਲੱਗ ਪਈ ਹੈ

ਹਾਕਮ ਦਾ ਪਾਰਾ ਸਿਖ਼ਰ 'ਤੇ ਹੈ
ਉਹ ਆਪਣੇ ਅਹਿਲਕਾਰਾਂ ਨੂੰ
ਇਸ ਅੱਗ ਦਾ ਕੋਈ ਉਪਾਅ
ਲੱਭਣ ਦਾ ਹੁਕਮ ਚਾੜ੍ਹਦਾ ਹੈ
ਉਸ ਨੂੰ ਫ਼ਿਕਰ ਹੈ ਕਿ ਕਿਤੇ
ਇਹ ਅੱਗ
ਰਾਜ-ਮਹਿਲਾ ਤੇ ਸੰਸਦ ਤੀਕ ਨਾ
ਪਹੁੰਚ ਜਾਵੇ

ਪਰ ਉਹ ਮੱਕਾਰ-ਬਹਿਰੂਪੀਆ ਇਹ
ਨਹੀਂ ਜਾਣਦਾ
ਕਿ ਅੱਗ ਤੇ ਧੂੰਏਂ ਨੂੰ ਕਾਬੂ ਕਰਨਾ
ਉਸ ਦੇ ਵੱਸ ਦੀ ਗੱਲ ਨਹੀਂ
ਹੁਣ ਇਹ ਇਨ੍ਹਾਂ ਦੀ ਤਾਸੀਰ ਬਾਰੇ
ਕਿਆਸਰਾਈਆਂ ਲਗਾ ਰਿਹਾ ਹੈ
ਤੇ ਅੱਗ ਤੇ ਧੂੰਆਂ ਉਸਦੇ
ਇਰਦ-ਗਿਰਦ
ਫੈਲਦਾ ਜਾ ਰਿਹਾ ਹੈ

•

# ਅਸੀਂ ਦਿੱਲੀ ਨਹੀਂ ਜਿੱਤਣੀ

ਅਸੀਂ ਦਿੱਲੀ ਨਹੀਂ ਜਿੱਤਣੀ
ਅਸੀਂ ਤਾਂ ਦਿਲ ਹੀ ਜਿੱਤਣੇ ਸਨ
ਤੇ ਜੋ ਦਿੱਲੀ 'ਚ ਰਹਿੰਦੇ ਨੇ
ਉਨ੍ਹਾਂ ਦੇ ਦਿਲ ਨਹੀਂ ਹੁੰਦੇ

ਅਸੀਂ ਹੱਕ ਸੱਚ ਦੀ
ਆਵਾਜ਼ ਬਣ ਕੇ ਆਏ ਸਾਂ ਏਥੇ
ਤੁਸੀਂ ਜੋ ਘਰਾਂ ਦੇ ਵੀ
ਭੀੜ ਲਏ ਨੇ ਦਰ
ਕਿਵੇਂ ਫਿਰ ਮੰਨੀਏ
ਤੁਹਾਡੇ ਦਿਲਾਂ ਵਿਚ ਹੈ ਥਾਂ ਅਸਾਡੀ

ਤੁਸਾਂ ਤਾਂ ਦਿਲ ਨੂੰ ਜਾਂਦੀ ਸੜਕ ਉੱਤੇ
ਪੈਰ ਵੀ ਨਹੀਂ ਧਰਨ ਦੇਂਦੇ
ਪਹਾੜਾਂ ਜਿੱਡੀਆਂ ਰੋਕਾਂ
ਜੇ ਖੜੀਆਂ ਕਰਨੀਆਂ ਸਨ
ਜੇ ਪਾਣੀ ਤੋਪ ਦੀ ਵਾਛੜ
ਸਾਡੇ ਸਿਰ 'ਤੇ ਵਰ੍ਹਾਉਣੀ ਸੀ
ਤਾਂ ਖੁੱਲ੍ਹੀਆਂ ਬਾਹਵਾਂ
ਸੇਜਲ ਅੱਖਾਂ ਦਾ ਕਾਹਦਾ ਸੁਨੇਹਾ

ਅਸੀਂ ਜੇ ਅਦਲੀ ਰਾਜੇ ਦਾ
ਕੁੰਡਾ ਖੜਕਾ ਨਹੀਂ ਸਕਦੇ
ਜੇ ਹੱਕ ਸੱਚ ਦਾ ਹੋਕਾ
ਕਿਤੇ ਸੁਣਾ ਨਹੀਂ ਸਕਦੇ
ਕਿਵੇਂ ਫਿਰ ਮੰਨੀਏ
ਸਾਡੇ ਲਈ
ਦਿੱਲੀ ਦਾ ਦਿਲ ਧੜਕੇ

ਇਹ ਸ਼ਾਹੀ ਭੋਜ
ਸਾਨੂੰ ਯਾਦ ਕਰਵਾਵੇ
ਕਦੀ ਬਾਬੇ ਨੇ ਇਹਦੇ 'ਚੋਂ
ਲਹੂ ਦੀ ਧਾਰ ਕੱਢੀ ਸੀ
ਅੰਗੂਠੇ ਵੱਢ ਕੇ ਸਾਡੇ ਜੇ
ਮਲਕ ਭਾਗੋ ਦੀ ਵਹੀ 'ਤੇ ਲਵਾਉਣੇ ਨੇ
ਕਿਵੇਂ ਫਿਰ ਮੰਨ ਲਈਏ
ਸੱਚ ਦੀ ਬੇਲਾ
ਤੁਸੀਂ ਸੱਚ ਹੀ ਸੁਣਾਵੋਗੇ

ਇਹ ਪਹਿਲੀ ਵਾਰ ਪਤਾ ਲੱਗਾ
ਦਿੱਲੀ ਵਾਲਿਆਂ
ਦਿਲ ਵਾਲਿਆਂ ਲਈ
ਕਈ ਸਰਹੱਦਾਂ, ਕਈ ਬਾਰਡਰ ਬਣਾਏ ਨੇ
ਕਿਤੇ ਪੱਥਰ, ਕਿਤੇ ਟੋਏ
ਕਿਤੇ ਡਾਂਗਾਂ, ਬੰਦੂਕਾਂ
ਕੰਡਿਆਲੀ ਤਾਰ ਗੱਡੀ ਹੈ
ਅਸੀਂ ਤਾਂ ਉਂਞ ਹੀ ਸਾਂ
ਖ਼ੂਨ ਦੇ ਹੰਝੂ ਵਗਾਉਂਦੇ ਪਏ
ਤੁਹਾਨੂੰ ਕੀ ਲੋੜ ਪੈ ਗਈ ਗੈਸ ਦੀ

ਸਾਡੇ ਲਈ ਤਾਂ ਵੈਸੇ ਵੀ ਦਿੱਲੀ
ਉਬਲਦੀ ਦੇਗ਼, ਆਰਾ, ਚਰਖੜੀ
ਸੜਦੇ ਟਾਇਰ ਤੇ ਤਲਵਾਰ ਦਾ ਨਾਂ ਹੈ
ਤੁਸੀਂ ਇਹਦਾ ਬੇਸ਼ਕ
ਕੋਈ ਹੋਰ ਵੀ ਨਾਂ ਰੱਖ ਲੈਂਦੇ
ਬੜੇ ਸ਼ੌਕੀਨ ਹੋ ਅੱਜ ਕੱਲ੍ਹ ਤੁਸੀਂ

ਸ਼ਹਿਰ, ਸੜਕਾਂ ਤੇ ਭਵਨਾਂ ਦੇ
ਨਵੇਂ ਨਾਂ ਨਿੱਤ ਰੱਖਣ ਦੇ
ਇਹਦਾ ਵੀ ਨਾਂ ਜੇ
ਦਿੱਲੀ ਤੋਂ ਹਸਤਨਾਪੁਰ ਹੋ ਜਾਵੇ ਤਾਂ ਚੰਗਾ ਹੈ
ਘੱਟੋ ਘੱਟ ਦਿਲ ਤੋਂ ਦੂਰੀ ਦੀ
ਸਮਝ ਤਾਂ ਆ ਹੀ ਜਾਵੇਗੀ

ਉਂਝ ਵੀ ਅਸੀਂ ਭਲਾ
ਦਿੱਲੀ ਤੋਂ ਲੈਣਾ ਵੀ ਕੀ ਸੀ
ਅਸੀਂ ਤਾਂ ਦਿਲ ਹੀ ਜਿੱਤਣੇ ਸਨ

•

## ਬੋਲਦਾ ਵਰਤਮਾਨ

ਸਿੰਘੂ, ਕੁੜਨੀ, ਟਿੱਕਰੀ, ਬੁਰਾੜੀ
ਖੈਰਾ, ਚਿੱਲਾ, ਪਲਵਲ ਤੇ ਬਰੌਤ
ਸ਼ਬਦ ਨਵੇਂ ਨਹੀਂ ਪਰ ਅੱਜ ਨਵੇਂ
ਪ੍ਰਸੰਗਾਂ ਤੇ ਸਮਿਆਂ ਜੋੜ ਦਿੱਤੇ
ਅਸਲੋਂ ਨਵੇਂ ਨਵੇਂ ਅਰਥ
ਵਰਤਮਾਨ ਦੇ ਸ਼ਬਦਕੋਸ਼ ਅੰਦਰ

ਪਿਛੇਤਰ ਬਾਰਡਰ ਜੁੜ ਜਾਂਦੈ ਤਾਂ
ਨਿਕਲਣ ਅਰਥ ਕੁਝ ਹੋਰ ਹੀ
ਹੁੰਦੇ ਨੇ ਹੋਰ ਕਈ ਬਾਰਡਰ
ਦੇਸ਼ ਦੇ ਬਾਰਡਾਂ ਅੰਦਰ ਵੀ

ਨਿਰੰਜਣ ਸਿੰਹੁ ਕਿਰਸਾਨ ਵੱਲੋਂ
ਆਤਮ ਹੱਤਿਆ ਦੇ ਯਤਨ ਨੇ
'ਅੰਜਨ ਮਾਹਿ ਨਿਰੰਜਨੁ' ਨੂੰ
ਬਿਲਕੁਲ ਦਿੱਤੇ ਨੇ ਨਵੇਂ ਅਰਥ

ਸ਼ਹੀਦੀ ਦੇ ਠੰਢੇ ਬੁਰਜ ਦੀ ਸੀਤ
ਹੋਈ ਪਹਿਲੀ ਵਾਰ ਅਨੁਭਵ
ਜਦੋਂ ਬਰਫ਼ੀਲੀ ਸੜਕ 'ਤੇ
ਰਾਤ ਗੁਜ਼ਾਰੀ ਕੋਹਰੇ 'ਚ ਘਿਰੀ

ਵੰਡ ਛਕੋ ਦਾ ਅਰਥ ਸਿਰਫ਼
ਲੰਗਰ ਛਕਣਾ ਛਕਾਉਣਾ ਹੀ ਨਹੀਂ ਹੁੰਦੈ
ਦੁੱਖ ਸੁੱਖ ਸਮ ਕਰ ਜਾਣ ਸਬਰ ਤੇ
ਸਹਿਜ ਭਾਵ ਨਾਲ ਜਿਉਣਾ ਵੀ ਹੁੰਦੈ

ਪਿੰਡ ਦਾ ਅਵੈੜਾ ਮੁੰਡਾ ਬਿਪਤਾ ਪੈਣ 'ਤੇ
ਕਿਵੇਂ ਬਣ ਜਾਂਦੈ ਜ਼ੁੰਮੇਵਾਰ ਸ਼ਹਿਰੀ

ਸੇਵਾ ਭਾਵ ਉਹਦਾ ਦੱਸਦੈ
ਉੱਡਦੇ ਪੰਜਾਬ ਨੂੰ
ਪੰਜਾਬ ਸਿੰਘ ਹੋਣ 'ਚ
ਬਹੁਤੀ ਦੇਰ ਨਹੀਂ ਲੱਗਦੀ

ਸ਼ਹੀਦੀਆਂ, ਸਾਕੇ,
ਛੋਟੇ ਵੱਡੇ ਘੱਲੂਘਾਰੇ
ਜੈਤੋਂ, ਚਾਬੀਆਂ
ਗੁਰੂ ਕੇ ਬਾਗ ਦੇ ਮੋਰਚੇ
ਅਸਹਿਯੋਗ, ਸਤਿਆਗ੍ਰਹਿ
ਧਰਨੇ ਮੁਜ਼ਾਹਰੇ
ਕਿਹੜੇ ਰੰਗਾਂ ਰੂਪਾਂ 'ਚ ਵਾਪਰਨੇ
ਕੋਈ ਨਾ ਜਾਣੇ

ਸਮੇਂ ਦੇ ਗਰਭ 'ਚ ਕੀ ਕੀ
ਕਿਵੇਂ ਕਿਵੇਂ ਹੋਣੈ
ਕਿਨ੍ਹਾਂ ਅਰਥਾਂ ਕਿਸ ਭਾਸ਼ਾ 'ਚ
ਹੋਣਾ ਪ੍ਰਗਟ
ਵਰਤਮਾਨ ਦੇ ਸ਼ਬਦਕੋਸ਼ 'ਚ
ਕਿਹੜੇ ਕਿਹੜੇ
ਹੋਰ ਨਵੇਂ ਸ਼ਬਦ ਜੁੜਨੇ
ਕੁਝ ਥਹੁ ਪਤਾ ਨਹੀਂ...!

•

ਗ਼ਜ਼ਲ : *ਡਾ. ਰਾਮ ਮੂਰਤੀ*

✶

ਇਨਸਾਨੀਅਤ ਦਾ ਫ਼ਲਸਫ਼ਾ ਜਾਤੀ ਪੰਜਾਬ ਦੀ।
ਇਹ ਨਾਲ ਮੋਹ ਦੇ ਹੈ ਭਰੀ ਛਾਤੀ ਪੰਜਾਬ ਦੀ।

ਹੈ ਸੋਧਣਾ ਤੂੰ ਹਿੰਦ ਦੀ ਵਿਗੜੀ ਸਿਆਸਤ ਨੂੰ,
ਡਿਊਟੀ ਅਕਾਲ ਪੁਰਖ ਨੇ ਹੈ ਲਾ 'ਤੀ ਪੰਜਾਬ ਦੀ।

ਉਨ੍ਹਾਂ ਕੀ ਡਰਨਾ ਮਰਨ ਤੋਂ ਚੁੰਮਦੇ ਨੇ ਸੂਲੀਆਂ,
ਜਿਨ੍ਹਾਂ ਨੇ ਕਾਲ਼ੀ ਵੇਈਂ ਹੈ ਨ੍ਹਾਤੀ ਪੰਜਾਬ ਦੀ।

ਕਰਦੀ ਲਿਹਾਜ਼ ਕਦੇ ਨਾ ਗਲ਼ ਉਸਦੇ ਜਾ ਪਈ,
ਕੋਸ਼ਿਸ਼ ਕਰੀ ਜਿਸ ਖੋਹਣ ਦੀ ਦਾਤੀ ਪੰਜਾਬ ਦੀ।

ਰੱਖਦਾ ਹੈ ਤੇਰੇ ਸੁਰਗ ਨੂੰ ਜੁੱਤੀ ਦੀ ਨੋਕ 'ਤੇ
ਜਿਸ ਨੂੰ ਹੈ 'ਕੇਰਾਂ ਪੈ ਗਈ ਝਾਤੀ ਪੰਜਾਬ ਦੀ।

ਜਪਦੀ ਹੈ ਅੱਲਾ ਵਾਖਰੂ ਤੇ ਰਾਮ ਰਾਮ ਵੀ,
ਹਰ ਹਰ ਦੇ ਰੰਗ ਰੰਗੀ ਹੈ ਹਰ ਪਾਤੀ ਪੰਜਾਬ ਦੀ।

•

# ਦਾਣੇ

ਐਨੇ ਵੀ ਕਮਜ਼ੋਰ ਨੀ ਦਾਣੇ।
ਕੱਚਾ ਧਾਗਾ ਡੋਰ ਨੀ ਦਾਣੇ।

ਫੜ ਕੇ ਪਿੰਜਰੇ ਪਾ ਲੇਂ ਗਾ ਤੂੰ,
ਚਿੜੀਆਂ, ਕੁੱਕੜ, ਮੋਰ ਨੀ ਦਾਣੇ।

ਇਨ੍ਹਾਂ ਨੇ ਤਾਂ ਉੱਗ ਹੀ ਪੈਣਾ,
ਦਾਣੇ ਆ, ਕੁਝ ਹੋਰ ਨੀ ਦਾਣੇ।

ਧਰਤੀ ਮਾਂ ਦੇ ਜੰਮੇ ਜਾਏ,
ਕੁਰਸੀ ਦੀ ਹਾਂ ਲੋਰ ਨੀ ਦਾਣੇ।

ਇਹ ਤਾਂ ਗੜਿਆਂ ਵਾਂਗੂੰ ਵੱਜਦੇ,
ਝਾਂਜਰ ਦਾ ਇਹ ਸ਼ੋਰ ਨੀ ਦਾਣੇ।

•

ਕਵਿਤਾ : *ਤ੍ਰੈਲੋਚਨ ਲੋਚੀ*

# ਚਿਰਾਗ਼ਾਂ ਨੂੰ ਜਲਾਓ

ਚਿਰਾਗ਼ਾਂ ਨੂੰ ਜਗਾਓ—ਮਿਹਰਬਾਨੋ !
ਧਰਮ ਅਪਣਾ ਨਿਭਾਓ—ਮਿਹਰਬਾਨੋ !
ਚਿਰਾਗ਼ਾਂ ਨੂੰ ਜਗਾਓ...

ਹਕੂਮਤ ਹੈ ਹਨੇਰੇ ਦੀ ਚੁਫ਼ੇਰੇ
ਤਰਸਦੇ ਰੌਸ਼ਨੀ ਨੂੰ ਇਹ ਬਨੇਰੇ
ਹਨੇਰੇ ਨੂੰ ਮਿਟਾਓ—ਮਿਹਰਬਾਨੋ !
ਚਿਰਾਗ਼ਾਂ ਨੂੰ ਜਗਾਓ...

ਜ਼ਰਾ ਜਾਗੋ ਚੁਫ਼ੇਰੇ ਨ੍ਹੇਰ ਛਾਇਆ
ਕਿ ਜਾਗਣ ਦਾ ਤਾਂ ਹੁਣ ਹੀ ਵਕਤ ਆਇਆ
ਤੇ ਲਫ਼ਜ਼ਾਂ ਨੂੰ ਜਗਾਓ—ਮਿਹਰਬਾਨੋ !
ਚਿਰਾਗ਼ਾਂ ਨੂੰ ਜਗਾਓ...

ਚਿਰਾਗ਼ਾਂ ਕਰਨੀਆਂ ਰੌਸ਼ਨ ਇਹ ਰਾਹਵਾਂ
ਤੁਹਾਨੂੰ ਦੇ ਰਹੇ ਤਾਂ ਹੀ ਸਦਾਵਾਂ
ਜ਼ਰਾ ਉੱਠੋ ਤੇ ਆਓ—ਮਿਹਰਬਾਨੋ !
ਚਿਰਾਗ਼ਾਂ ਨੂੰ ਜਗਾਓ...

ਜੇ ਇਕ ਦੀਵਾ ਬੁਝੇ ਤਾਂ ਡਰ ਨਾ ਜਾਇਓ
ਕਿ ਕਰਕੇ ਹੌਸਲਾ ਦੂਜਾ ਜਗਾਇਓ
ਚੁਫ਼ੇਰੇ ਫੈਲ ਜਾਓ—ਮਿਹਰਬਾਨੋ !
ਚਿਰਾਗ਼ਾਂ ਨੂੰ ਜਗਾਓ...

ਭੇਤ ਮੈਂ ਨ੍ਹੇਰਿਆਂ ਦਾ ਪਾ ਗਿਆ ਹਾਂ
ਤੇ ਲੈ ਕੇ ਸ਼ਬਦ ਸੁੱਚੇ ਆ ਗਿਆ ਹਾਂ
ਤੁਸੀਂ ਨਗ਼ਮਾ ਬਣਾਓ—ਮਿਹਰਬਾਨੋ !
ਚਿਰਾਗ਼ਾਂ ਨੂੰ ਜਗਾਓ—ਮਿਹਰਬਾਨੋ !
ਚਿਰਾਗ਼ਾਂ ਨੂੰ ਜਗਾਓ...!

•

# ਹਾਕਮਾਂ ਵੇ !

ਬੇਕਿਰਕ ਹਾਕਮਾਂ ਵੇ !
ਖ਼ਲਕਤ ਜਿਉਂਦੀ ਕਿਹੜੇ ਹਾਲਾਂ ?
ਚੁੱਲ੍ਹਿਆਂ 'ਚ ਘਾਹ ਉੱਗਿਆ
ਘਰ ਦੇ ਮੁੱਖੜੇ 'ਤੇ ਘਰਾਲਾਂ
ਇਹ ਵੱਸਦਾ ਉਜੜ ਗਿਆ
ਤੂੰ ਲੁੱਟਿਆ ਸੰਗ ਭਿਆਲਾਂ
ਦੇਖੀਂ ! ਉਡਦੀ ਖੇਹ ਬਣਨਾ
ਤੇਰੇ ਕੋਹਝੇ ਖ਼ਾਬ-ਖ਼ਿਆਲਾਂ ।

ਬੇਦਰਦ ਹਾਕਮਾਂ ਵੇ !
ਕਦੇ ਸੁਣ ਖੇਤਾਂ ਦੇ ਬੋਲ
ਸਿੱਟਿਆਂ 'ਚ ਸਿਸਕੀਆਂ ਨੇ
ਤੇ ਹੰਝੂਆਂ ਭਿੱਜੇ ਬੋਹਲ
ਖੇਤਾਂ ਦੇ ਰਾਣਿਆਂ ਦੀ
ਕਿਰਤ ਐਵੇਂ ਨਾ ਰੋਲ
ਫਿਰ ਹੱਥੀਂ ਦਿੱਤੀਆਂ ਤੂੰ
ਕੀਕੂੰ ਸਕਾਂਗੇ ਗੰਢਾਂ ਖੋਲ੍ਹ ?

ਬੇਰਹਿਮ ਹਾਕਮਾਂ ਵੇ !
ਤੇਰੀ ਅੱਖੀ ਉੱਗਿਆ ਟੀਰ
ਸ਼ਾਂਤ ਤੇ ਸਬਰ ਸਾਹਵੇਂ
ਹਰਨਾ, ਜਬਰ ਅਖ਼ੀਰ
ਸੂਹੀ ਸੋਚ ਦੀ ਸਰਗਮ 'ਚ
ਸਦਾ ਜਿਉਂਦੀ ਰਹੇ ਜ਼ਮੀਰ
ਤੇ ਰੱਟਣਾਂ ਵਾਲੇ ਹੱਥਾਂ ਨੇ
'ਕੇਰਾਂ ਘੜਨੀ ਖ਼ੁਦ ਤਕਦੀਰ ।

ਬੇਸ਼ਰਮ ਹਾਕਮਾਂ ਵੇ !
ਤੇਰੇ ਮਸਤਕ ਵਿਚ ਹਨੇਰ
ਕਿਉਂ ਨਜ਼ਰ ਨਾ ਆਉਂਦੀ ਆ
ਤੇਰੇ ਵਿਹੜੇ ਚੜ੍ਹੀ ਸਵੇਰ
ਮਨਾਂ ਦੇ ਸੰਨਵੇਂ ਖੇਤਾਂ 'ਚ
ਤਾਰੇ ਦਿੱਤੇ ਪੌਣਾਂ ਕੇਰ
ਹੱਕਾਂ ਵਾਲਿਆਂ ਹੱਕ ਲੈਣੇ
ਭਾਵੇਂ ਹੋ ਜੇ ਦੇਰ—ਅਵੇਰ

ਨਾ ਸ਼ੁਕਰੇ ਹਾਕਮਾਂ ਵੇ !
ਕਾਹਤੋਂ ਸੁੱਕਣੇ ਪਾਈਆਂ ਛਾਵਾਂ
ਅੰਬਰ ਬਣੀਆਂ ਪੁੱਤਾਂ ਲਈ
ਮੰਨਤਾਂ ਵਰਗੀਆਂ ਮਾਵਾਂ
ਦੀਵਿਆਂ ਦੀਆਂ ਡਾਰਾਂ ਇਹ
ਤਖ਼ਤ ਨੂੰ ਜਾਂਦੀਆਂ ਰਾਹਵਾਂ
ਤੇ ਜ਼ਿੰਦਗੀ ਦੇ ਕਾਫ਼ਲਿਆਂ ਨੇ
ਬਣਨਾ ਸੂਰਜਾਂ ਦਾ ਸਿਰਨਾਵਾਂ ।

•

## ਸੁਪਰਮੈਨ

ਸਿਸਕਦਾ ਸਿਸਕਦਾ ਮਰ ਜਾਏਗਾ ਉਹ
ਸ਼ਾਇਦ ਉਸ ਨੂੰ ਮੌਕਾ ਹੀ ਨਾ ਮਿਲਿਆ
ਵਾਦ ਵਿਵਾਦ 'ਚ ਪੈਣ ਦਾ
ਉਸਦੀ ਸਮਝ ਦੇ ਕਦਮ
ਨਾ ਸੱਜੇ ਮੁੜਦੇ
ਨਾ ਖੱਬੇ ਮੁੜਦੇ
ਬਸ ਸੁਖ-ਸ਼ਾਂਤ ਰਸਤਿਆਂ 'ਤੇ
ਸਾਰੀ ਉਮਰ ਚੱਲਣ ਦੀ ਇੱਛਾ ਕਰਦਾ
ਆਪਣੀ ਹੋਂਦ ਨੂੰ ਜਾਨਣ ਦੀ ਅਸਮਰਥਾ
ਨਾਲ ਜੂਝਦਾ ਮਗ਼ਜ਼-ਮਾਰੀ ਕਰਦਾ
ਹਾਰ ਮੰਨਦਾ
ਸਿਸਕਦਾ ਸਿਸਕਦਾ ਮਰ ਜਾਏਗਾ ਉਹ।

ਤੇ ਮਰ ਜਾਣ ਤੋਂ ਪਹਿਲਾਂ ਉਹ
ਰੱਬ ਰਹੀਮ ਦਾ ਪ੍ਰਚਾਰ ਕਰੇਗਾ
ਖੋਜ ਕਰੇਗਾ, ਪੜਚੋਲ ਕਰੇਗਾ
ਕਾਇਨਾਤ ਨੂੰ ਜਾਣੇਗਾ
ਬ੍ਰਹਿਮੰਡ ਤੇ ਆਰਤੀ ਲਿਖੇਗਾ
ਪਰ ਫਿਰ ਵੀ
ਸਮੇਂ ਤੇ ਉਮਰਾਂ ਦੀ ਮਾਰ ਖਾਂਦਾ
ਗ੍ਰੰਥ, ਮਹਾਂ-ਗ੍ਰੰਥ ਪੜ੍ਹੇਗਾ ਲਿਖੇਗਾ
ਆਪਣੀ ਤੇ ਕਾਇਨਾਤ ਦੀ ਹੋਂਦ ਜਾਨਣ ਲਈ
ਪਰ ਆਪਣੀ ਅਸਮਰਥਾ ਤੋਂ ਜਾਣੂ ਹੋ
ਸਿਸਸਕਦਾ ਸਿਸਕਦਾ ਮਰ ਜਾਏਗਾ ਉਹ।

ਮਰ ਜਾਣ ਤੋਂ ਪਹਿਲਾਂ
ਉਸ ਨੂੰ ਮੌਕਾ ਹੀ ਨਾ ਮਿਲਿਆ

ਧਰਤੀਆਂ, ਦੇਸਾਂ ਤੇ ਇਨਸਾਨਾਂ ਵਿਚਕਾਰ
ਸੀਮਾਵਾਂ ਦੇ ਦਾਇਰਿਆਂ ਨੂੰ ਮਿਟਾਵਣ ਦਾ
ਉੱਚੀਆਂ ਕੰਧਾਂ ਤੇ ਕੰਡਿਆਲੀਆਂ ਵਾੜਾਂ ਨੂੰ
ਸਦਾ ਲਈ ਢਾਵਣ ਦਾ।
ਫਿਰ ਉਹ ਬਿਨ ਸਫ਼ਰਨਾਮੇ ਪੰਛੀਆਂ ਵਾਂਗ
ਪੁਲਾੜਾਂ ਵਿਚ ਆਲ੍ਹਣੇ ਢੂੰਡਦਾ
ਸਿਸਕਦਾ ਸਿਸਕਦਾ ਮਰ ਜਾਏਗਾ ਉਹ।

ਮਰ ਜਾਣ ਤੋਂ ਪਹਿਲਾਂ
ਉਸ ਨੂੰ ਮੌਕਾ ਹੀ ਨਾ ਮਿਲਿਆ
ਮਾਨਵ ਦੇ ਜ਼ਿਹਨ 'ਚੋਂ
ਕਾਮ, ਕ੍ਰੋਧ, ਲੋਭ, ਮੋਹ, ਹੰਕਾਰ
ਈਰਖਾ, ਜਾਤ-ਪਾਤ, ਲਿੰਗੀ
ਅਤੇ ਨਸਲੀ ਵਿਤਕਰੇ ਖ਼ਤਮ ਕਰਨ ਦਾ।

ਉਹ ਬਸ ਸਾਰੀ ਉਮਰ
ਸੁਪਰ ਪਾਵਰ ਦੀ ਮੰਗ ਕਰਦਾ ਰਹੇਗਾ
ਰਾਮ ਰਹੀਮ, ਮਸੀਹਾ, ਨਾਨਕ
ਬੁੱਧ ਤੇ ਸੁਪਰ ਮੈਨ ਬਣਨ ਲਈ
ਪਰ ਆਪਣੀ ਅਣਹੋਂਦ ਦੇ
ਉਲਝੇ ਪਰਛਾਵੇਂ ਨਾਲ ਬ੍ਰਹਿਮੰਡ ਵਿਚ ਲਟਕਦਾ
ਸਿਸਕਦਾ ਸਿਸਕਦਾ ਮਰ ਜਾਏਗਾ ਉਹ
ਸਿਸਕਦਾ ਸਿਸਕਦਾ ਮਰ ਜਾਏਗਾ...

•

ਕਵਿਤਾ : *ਗੁਰਮੀਤ ਕੜਿਆਲਵੀ*

# ਜੇ ਫ਼ਸਲਾਂ ਦੀ ਦਰਦ ਕਹਾਣੀ ਸੁਣ ਲੈਂਦੀ

ਜੇ ਫ਼ਸਲਾਂ ਦੀ ਦਰਦ ਕਹਾਣੀ ਸੁਣ ਲੈਂਦੀ
ਤੇਰੀ ਹਿੱਕ 'ਤੇ ਚੜ੍ਹ ਕੇ ਦਿੱਲੀਏ ਬਹਿੰਦੇ ਨਾ।
ਬਾਬਰ ਬਣ ਕੇ ਜੇ ਦਬਕਾਉਣਾ ਚਾਹੁੰਨੀ ਏਂ,
'ਨਾਨਕ' ਵਾਲੇ ਤੇਰਾ ਦਾਬਾ ਸਹਿੰਦੇ ਨਾ।

ਉਪਰੋਂ ਉਪਰੋਂ ਗੱਲਾਂ ਕਰਦੀ ਭਲੇ ਦੀਆਂ
ਸਾਡੇ ਬਲਦੇ ਚੁੱਲ੍ਹੇ ਠੰਡੇ ਕਰਦੀ ਏਂ।
ਤੂੰ ਬਦਨੀਤੀ ਹੋ ਕੇ, ਚਾਲਾਂ ਖੇਡ ਰਹੀ
ਆਪਣੇ ਜੋਟੀਦਾਰਾਂ ਦੇ ਢਿੱਡ ਭਰਦੀ ਏਂ।
ਜੇਕਰ ਦਿਲ ਦੀ ਕਾਲ ਕਲੂਟੀ ਹੁੰਦੀ ਨਾ
ਤੈਨੂੰ ਉੱਕਾ ਚੰਗਾ ਮੰਦਾ ਕਹਿੰਦੇ ਨਾ।
ਜੇ ਫ਼ਸਲਾਂ ਦੀ ਦਰਦ...

ਤੂੰ ਖੇਤਾਂ ਨੂੰ ਫਾਂਸੀ ਦੇਣਾ ਚਾਹੁੰਨੀ ਏਂ
ਉਹ ਸਾਡੇ ਲਈ, ਪਿਆਰੇ ਪੁੱਤਰ ਧੀਆਂ ਨੇ।
ਤੂੰ ਮੂੰਹਾਂ 'ਚੋਂ ਬੁਰਕੀ ਖੋਹਣ ਦੀ ਠਾਣ ਲਈ
ਜਾਨ ਤਲੀ 'ਤੇ ਰੱਖ ਲਈ ਸਾਰੇ ਜੀਆਂ ਨੇ।
ਜੇ ਨਾ ਸਾਡੇ ਗਲ ਵਿਚ ਫੰਦਾ ਪਾਉਂਦੀ ਤੂੰ
ਤੇਰੇ ਗਲ਼ ਵਿਚ ਫੰਦਾ ਬਣ ਕੇ ਪੈਂਦੇ ਨਾ।
ਜੇ ਫ਼ਸਲਾਂ ਦੀ ਦਰਦ...

ਤੂੰ ਕੱਕਰਾਂ ਦੀ ਰੁੱਤੇ ਸਾਡੀਆਂ ਹੱਡੀਆਂ ਦੀ
ਧੂਣੀ ਬਾਲ ਕੇ ਸੇਕਣ ਦਾ ਕੰਮ ਕਰਦੀ ਏਂ।
ਸਾਡੇ ਮਘਦੇ ਜੇਰੇ ਪੋਹ ਨਾ ਠਾਰ ਸਕੇ
ਤੂੰ ਮਹਿਲਾਂ ਦੀ ਗਰਮੀ ਵਿਚ ਵੀ ਠਰਦੀ ਏਂ।
ਸਿਦਕ ਜਿਨ੍ਹਾਂ ਦੇ ਪਰਖੇ ਤੱਤੀਆਂ ਤਵੀਆਂ ਨੇ
ਨਿੱਕਿਆਂ ਨਿੱਕਿਆਂ ਦੁੱਖਾਂ ਕੋਲੋਂ ਢਹਿੰਦੇ ਨਾ
ਜੇ ਫ਼ਸਲਾਂ ਦੀ ਦਰਦ ਕਹਾਣੀ...

ਜੇ ਫ਼ਸਲਾਂ ਦੀ ਦਰਦ ਕਹਾਣੀ ਸੁਣ ਲੈਂਦੀ
ਤੇਰੇ ਹਿੱਕ 'ਤੇ ਚੜ੍ਹ ਕੇ ਦਿੱਲੀਏ ਬਹਿੰਦੇ ਨਾ।

•

★

ਬਾਗ਼ਾਂ ਦੇ ਮਾਲੀਆਂ ਨੇ, ਬਹਿ ਬਹਿ ਕੇ ਹੱਥ ਮਲਣੇ।
ਜਿਸ ਦਿਨ ਹਨ੍ਹੇਰ ਪਾਇਆ, ਐਨੀ ਉਥਲ ਪੁਥਲ ਨੇ।

ਧਰਤੀ ਦੇ ਨਾਲ ਬੱਝੀ, ਵਿਰਸੇ ਦੀ ਡੋਰ ਕੰਬੀ,
ਜਾਬਰ ਨੇ ਪਾਏ ਵੇਖੋ, ਕਿੰਨੇ ਕੁ ਨਾਗ ਵਲ ਨੇ।

ਲੱਗਦਾ ਪਿਐ ਨਿਰੰਤਰ, ਸ਼ਾਹੀ ਨਹਿਰ ਦਾ ਪਾਣੀ,
ਇਕ ਦਮ ਜਵਾਨ ਹੋਣੈ, ਇਸ ਜ਼ਹਿਰ ਦੀ ਫ਼ਸਲ ਨੇ।

ਪੌਣਾਂ ਨੂੰ ਕੈਦ ਕਰਕੇ, ਉਹ ਸੋਚਦਾ ਹੈ ਸ਼ਾਇਦ
ਮੇਰੇ ਕਹੇ ਬਿਨਾ ਹੁਣ, ਮੌਸਮ ਨਹੀਂ ਬਦਲਣੇ।

ਆਉ ਕਿ ਰਲ ਕੇ ਕਰੀਏ, ਸਦੀਆਂ ਦਾ ਲੇਖਾ ਜੋਖਾ
ਅੱਜ ਦਾ ਹਿਸਾਬ ਮੰਗਣੈ, ਫਿਰ ਔਣ ਵਾਲੇ ਕੱਲ੍ਹ ਨੇ।

•

ਕਵਿਤਾ : *ਦੇਵਿੰਦਰ ਕੌਰ ਯੂ. ਕੇ.*

# ਇਨਸਾਨਾਂ ਦੀ ਨਗਰੀ ਵਿਚ

ਇਨਸਾਨਾਂ ਦੀ ਨਗਰੀ ਵਿਚ
ਇਕ ਐਸਾ ਹਾਕਮ ਆਇਆ ਹੈ
ਜਿਸ ਦੇ ਅੰਦਰ ਦੀ ਸ਼ੈਤਾਨੀ
ਕਿਸੇ ਸੰਤ ਦਾ ਚੋਲਾ ਪਾਇਆ ਹੈ

ਕੱਲ੍ਹ ਹਿੰਦੂ ਮੁਸਲਿਮ ਵੰਡਦਾ ਸੀ
ਅੱਜ ਹਿੰਦੂ ਸਿੱਖ ਵੰਡਣਾ ਚਾਹਵੇ
ਉਹ ਨਹੀਂ ਜਾਣਦਾ ਨਾ ਸੋਚੇ
ਕਿਸ ਆਫ਼ਤ ਓਸ ਬੁਲਾਇਆ ਹੈ

ਕਿਰਤੀ ਕਿਰਸਾਨਾਂ ਦੀ ਮਿਹਨਤ
ਜੇ ਉਸਨੇ ਖੋਹਣੀ ਚਾਹੀ ਤਾਂ
ਸਮਝੋ ਫਿਰ ਉਸ ’ਤੇ ਲਟਕ ਰਿਹਾ
ਅਣਦਿਸਦੇ ਕਹਿਰ ਦਾ ਸਾਇਆ ਹੈ

ਇਹ ਧਰਤੀ ਸਾਰੇ ਲੋਕਾਂ ਦੀ
ਸਾਰੇ ਹੀ ਇਸ ਦੇ ਰਾਜੇ ਨੇ
ਨਾ ਕਰ ਬੈਠੀਂ ਕੋਈ ਨਾਦਾਨੀ
ਇਕ ਸ਼ਾਇਰ ਇੰਞ ਫ਼ੁਰਮਾਇਆ ਹੈ

•

# ਸੱਚ ਕਦੋਂ ਪ੍ਰਗਟ ਹੋਵੇਗਾ

ਸੱਚ ਕਦੋਂ ਪ੍ਰਗਟ ਹੋਵੇਗਾ
ਮੇਰੇ ਸ਼ਹਿਰ ਦੀਆਂ ਟਟੀਹਰੀਆਂ ਨੇ
ਅੱਜ ਕੱਲ੍ਹ ਅਸਮਾਨ ਥੰਮ੍ਹ ਲਿਆ ਹੈ
ਹੁਣ ਇਥੇ ਕਿੱਕਰਾਂ ਨੂੰ ਫੁੱਲ ਲੱਗਦੇ ਨੇ
ਅੰਬੀਆਂ ਨੂੰ ਬੂਰ ਨਹੀਂ ਪੈਂਦਾ !

ਲੋਕੀਂ ਪੈਲਾਂ ਪਾਉਂਦੀਆਂ ਪਿੱਦੀਆਂ ਨੂੰ ਵੇਖ
ਤਾੜੀਆਂ ਮਾਰਦੇ ਨੇ
ਤੇ ਮੋਰ ਪਿੱਦੀਆਂ ਦਾ ਨਾਚ ਵੇਖ
ਨੱਚਣਾ ਛੱਡ ਜਾਣ ਦੀਆਂ
ਤਦਬੀਰਾਂ ਬਣਾਉਣ ਲੱਗੇ ਨੇ !

ਸੱਚ ਦਾ ਰੂਪ ਬਦਲ ਗਿਐ
ਇਸ ਸ਼ਹਿਰ ਵਿਚ
ਇਸ ਸ਼ਹਿਰ ਦੀ ਫ਼ਿਜ਼ਾ ਕੁਸੈਲੀ ਹੋ ਗਈ ਐ
ਤੇ ਬੋਹੜਾਂ ਵਰਗਿਆਂ ਰੁੱਖਾਂ ਨੂੰ
ਖੁਸ਼ਾਮਦ ਆ ਗਈ ਐ !

ਕਦਰਾਂ ਦੇ ਰਾਖਿਆਂ ਦੀਆਂ
ਅੱਖਾਂ ਅੱਗੇ ਕੱਖ ਆ ਗਿਐ
ਉਨ੍ਹਾਂ ਨੂੰ ਮੁਖੌਟਿਆਂ ਪਿੱਛਿਉਂ
ਅਸਲ ਚਿਹਰੇ ਨਜ਼ਰ ਆਉਣੋਂ ਹਟ ਗਏ ਨੇ !

ਸੁਪਨਿਆਂ ਦੀ ਇਸ ਧਰਤੀ ’ਤੇ
ਸੁਪਨੇ ਪੂਰੇ ਕਰਨ ਆਏ ਲੋਕ
ਇਉਂ ਵੀ ਸੁਪਨੇ ਪੂਰੇ ਕਰ ਰਹੇ ਨੇ
ਕਿ ਖੁਸ਼ਾਮਦ ਨੂੰ ਡੰਡੇ ਬਣਾ
ਪੌੜੀਆਂ ਚੜ੍ਹ ਰਹੇ ਨੇ

•

## ਗ਼ਜ਼ਲ : *ਡਾ. ਗੁਰਚਰਨ ਕੌਰ ਕੋਚਰ*

✶

ਗ਼ਜ਼ਲ ਵਿਚ ਸੁਣਾਵਾਂ ਮੈਂ ਅੱਜ ਇਕ ਕਹਾਣੀ,
ਡਰਾਵੇ ਚਿਰਾਗ਼ਾਂ ਨੂੰ ਨ੍ਹੇਰੇ ਦੀ ਢਾਣੀ।
ਉਹ ਚਾਹੁੰਦੀ ਬੁਝਾਣਾ ਚਿਰਾਗ਼ਾਂ ਨੂੰ ਐਪਰ
ਚਿਰਾਗ਼ਾਂ ਨੇ ਨ੍ਹੇਰੇ ਦੀ ਹੈ ਕੰਡ ਲਾਣੀ।

ਉਦ੍ਹਾ ਕੰਮ ਹਨੇਰੇ ਦੇ ਫਾਇਦੇ ਹੀ ਦੱਸਣਾ,
ਤੇ ਦੱਸਦੇ ਹੋਏ ਨਾ ਹੀ ਥੱਕਣਾ ਤੇ ਅੱਕਣਾ।
ਚਿਰਾਗ਼ਾਂ ਦਾ ਕੰਮ ਹੈ ਹਨੇਰੇ ਨੂੰ ਡੱਕਣਾ,
ਤੇ ਹਰ ਥਾਂ ’ਤੇ ਚਾਨਣ ਦੀ ਚਾਦਰ ਵਿਛਾਣੀ।

ਜ਼ਰੂਰੀ ਹੈ ਹੱਕਾਂ ਦੀ ਖ਼ਾਤਰ ਵੀ ਲੜਨਾ,
ਸੱਚਾਈ ਦੇ ਹੱਕ ਵਿਚ ਹਾਮੀ ਵੀ ਭਰਨਾ।
ਤੇ ਧਰਨੇ ਵੀ ਦੇਣੇ ਮੁਜ਼ਾਹਰਾ ਵੀ ਕਰਨਾ,
ਸਲਾਮਤ ਜੇ ਰੱਖਣੀ ਅੰਦੋਲਨ ਦੀ ਤਾਣੀ।

ਜਿਵੇਂ ਤਪਦੇ ਥਲ ਲਈ ਹੈ ਪਾਣੀ ਜ਼ਰੂਰੀ
ਤਿਹਾਏ ਦੀ ਤੇਹ ਵੀ ਬੁਝਾਉਣੀ ਜ਼ਰੂਰੀ।
ਬਜਾਏ ਥਲਾਂ ਦੇ ਜੋ ਸਾਗਰ ’ਤੇ ਵਰ੍ਹਦੈ
ਨਹੀਂ ਭਾਂਦੀ ਬੱਦਲ ਦੀ ਇਹ ਵੰਡ ਕਾਣੀ।

ਕਿਸਾਨੀ ਅੰਦੋਲਨ ਅਨੂਠਾ, ਨਿਰਾਲਾ
ਹੈ ਹਰ ਥਾਂ ਤੇ ਏਕੇ ਦਾ ਹੀ ਬੋਲਬਾਲਾ।
ਮੁਹੱਬਤ ਦੇ ਬੋਲਾਂ ਦਾ ਲੰਗਰ ਹੈ ਚਲਦਾ
ਬੜੀ ਮਿੱਠੀ ਸਭਨਾਂ ਦੀ ਹੈ ਬੋਲ-ਬਾਣੀ।

ਉਹ ਬੈਠੇ ਨੇ ਸੜਕਾਂ ’ਤੇ ਪਾਲੇ ’ਚ ਠਰਦੇ
ਹਨੇਰੇ ਤੇ ਬਾਰਸ਼ ਨੂੰ ਪਿੰਡਿਆਂ ’ਤੇ ਜਰਦੇ।
ਉਹ ਦੇਂਦੇ ਸ਼ਹਾਦਤ ਨੇ ਹਰ ਰੋਜ਼ ‘ਕੋਚਰ’,
ਸ਼ਹਾਦਤ ਉਨ੍ਹਾਂ ਦੀ ਅਜ਼ਾਇਆਂ ਨਾ ਜਾਣੀ।

•

# ਸ਼ਹਿਰ ਤੇਰੇ ਦੇ ਪਾਣੀ ਦਿੱਲੀਏ

ਸ਼ਹਿਰ ਤੇਰੇ ਦੇ ਪਾਣੀ ਦਿੱਲੀਏ,
ਨਾ ਮਿੱਠੇ ਨੇ ਕੌੜੇ, ਸੁਣ ਲੈ।
ਗਲੀ, ਮੁਹੱਲੇ, ਘੁੰਮਣ ਘੇਰੀ
ਨਾ ਲੰਮੇ, ਨਾ ਚੌੜੇ, ਸੁਣ ਲੈ।

ਜ਼ੁਲਮ ਤੇਰੇ ਨੇ ਟੱਪੇ ਸਾਰੇ,
ਹੁਣ ਤਾਂ ਹੱਦਾਂ ਬੰਨ੍ਹੇ, ਸੁਣ ਲੈ।
ਕੱਢ ਦਿਆਂਗੇ ਵਲ਼ ਵਿੰਗ ਸਾਰੇ
ਆ ਕੇ ਜਦੋਂ ਨਿਚੋੜੇ, ਸੁਣ ਲੈ।

ਤੂੰ ਤਾਂ ਸਾਥੋਂ ਦੂਰ ਹੈ ਕਿਹੜੀ
ਅੱਖ ਝਮਕੀ ਤੇ ਪਹੁੰਚੇ, ਸੁਣ ਲੈ।
ਭਾਵੇਂ ਲੱਖ ਵਿਛਾ ਦੇ ਰਾਹਵੀਂ,
ਪਾਣੀ, ਪੱਥਰ, ਰੋੜੇ, ਸੁਣ ਲੈ।

'ਸੁਲਤਾਨ' ਜਾਨ ਵੀ ਜੇਕਰ ਮੰਗਦਾ
ਬਿਨ ਮੰਗਿਆਂ ਦੇ ਦਿੰਦੇ, ਸੁਣ ਲੈ।
ਹੁਣ ਤਾਂ ਗਿੱਦੜ ਖੇਤੀਂ ਵੜਿਐ
ਦਿਨ ਰਹਿ ਗਏ ਨੇ ਥੋੜ੍ਹੇ, ਸੁਣ ਲੈ।

•

# ਮੈਂ ਪੰਜਾਬ ਬੋਲਦਾਂ

ਇਹ ਕੌਣ ਨੇ ਜੋ ਉਸਦੇ
ਹਉਂ ਦੀ ਹਵੇਲੀ ਢਾਹ ਦੇਣ ਤੁਰੇ ਨੇ
ਸਮੇਂ ਦੀ ਅੱਖ ਵਿਚ ਅੱਖ ਪਾਉਣ ਤੁਰੇ ਨੇ
ਆਓ ਕਿ ਮੈਂ ਦੱਸਦਾਂ ਤੁਹਾਨੂੰ...
ਇਹ ਮੇਰੇ ਹੀ ਹਮਸਾਏ ਨੇ
ਇਹ ਸਭ ਧੁਰੋਂ ਵਰੋਸਾਏ ਨੇ...

ਇਹ ਕੌਮ ਬਹਾਦਰਾਂ ਦੀ
ਹਰ ਜ਼ੁਲਮ ਤੋਂ ਨਾਬਰਾਂ ਦੀ
ਇਹ ਹੱਥਾਂ ’ਤੇ ਸਰ੍ਹੋਂ ਜਮਾ ਦੇਣਗੇ
ਵਕਤ ਨੂੰ ਹੀ ਸੂਲੀ ਚੜ੍ਹਾ ਦੇਣਗੇ

ਉੱਠ ਖੜੋਤਾ ਹੈ ਅੱਜ ਮੇਰਾ ਹਰ ਬੱਚਾ
ਅੱਜ ਮੇਰੀ ਹਰ ਮਾਂ ਦਾ ਦਿਲ ਪਰੁੱਚਾ
ਅੱਜ ਮੇਰੀ ਹਰ ਨਾਰ ਦਾ ਸਾਈਂ ਖੜ੍ਹੈ
ਅੱਜ ਹਰ ਭੈਣ ਦਾ ਸਿਰ ਉੱਚਾ
ਮੈਂ ਜਾਂਦਾ ਵਾਰੀ ਏਸ ਇਤਫ਼ਾਕ ਦੇ
ਪਿਆਰ ਭਰੱਪਣ ਦੇ ਇਸ ਰਾਜ਼ ’ਤੇ

ਇਹ ਘੜੀ ਪਰਖ ਦੀ ਹੈ
ਨਾ ਸੋਗ ਨਾ ਹਿਰਖ ਦੀ ਹੈ
ਇਹ ਸੀਨਿਆਂ ’ਚ ਖੌਲਦੇ
ਬਸ ਓਸ ਲਹੂ ਸੁਰਖ ਦੀ ਹੈ
ਜੋ ਬਖਸ਼ਿਸ਼ ਹੈ ਖੰਡੇ ਦੇ ਵਾਰ ਦੀ

ਨਿਰੇ ਤਲਿੱਸਮ ਦੀ ਨਹੀਂ
ਹੈ ਸੱਚਮੁੱਚ ਵੰਗਾਰਦੀ
ਜਾਂ ਫਿਰ ਨਾਨਕ ਦੀ ਬਾਣੀ
ਰੂਹਾਂ ਨੂੰ ਹੈ ਸ਼ਿੰਗਾਰਦੀ

ਸਮੇਂ ਦੀਆਂ ਤਾਕਤਾਂ ਨਾਲ
ਲੋਹਾ ਲੈਣ ਲਈ ਪੁਕਾਰਦੀ
ਕਦੀ ਬਾਬਰ ਮੂਹਰੇ ਅੜਨਾ
ਕਦੀ ਔਰੰਗੇ ਨਾਲ ਭਿੜਨਾ

ਵਕਤ ਨੇ ਸਿਖਾ ਦਿੱਤੇ ਫਿਰ
ਸਾਨੂੰ ਜ਼ੁਲਮ ਮੂਹਰੇ ਖੜ੍ਹਨਾ
ਅਸੀਂ ਜ਼ੁਲਮ ਕਰਨਾ ਨਹੀਂ ਜਾਣਦੇ
ਪਰ ਅਸੀਂ ਸਹਿਣਾ ਵੀ ਨਹੀਂ ਜਾਣਦੇ

ਸੋ ਜੇ ਅੱਜ ਵਕਤ ਦੀ ਚੱਕੀ
ਦੇ ਪੁੜਾਂ ਹੇਠ ਪਿਸਣ ਦਾ ਸਮਾਂ ਹੈ
ਜੇ ਹੱਕ ਸੱਚ ਅਤੇ ਇਨਸਾਫ਼
ਲਈ ਲੜਨ ਦਾ ਸਮਾਂ ਹੈ

ਤਾਂ ਉੱਠ ਖੜੋਤੇ ਹਨ ਸਾਡੇ ਗਭਰੇਟ
ਬਾਪੂਆਂ ਦੇ ਮੋਢੇ ਸੰਗ ਮੋਢਾ ਜੋੜ
ਸਾਜ਼ਿਸ਼ਾਂ ਤੇ ਤੋਹਮਤਾਂ ਤੋਂ ਬੇਖ਼ਬਰ
ਗੁਰਾਂ ਦੀ ਹਰੇਕ ਉੱਪਰ ਹੈ ਨਜ਼ਰ
ਵਕਤ ਇਨਸਾਫ਼ ਕਰੇਗਾ
ਵਕਤ ਨੂੰ ਇਨਸਾਫ਼ ਕਰਨਾ ਪਵੇਗਾ
ਮਜ਼ਲੂਮ ਨਾਲ ਵੀ ਖੜ੍ਹਨਾ ਪਵੇਗਾ

ਇਤਿਹਾਸ ਇਸ ਦੌਰ ਦੀ ਗਵਾਹੀ ਭਰੇਗਾ
ਕਾਲ਼ੀਆਂ ਤਾਕਤਾਂ ਨੂੰ ਨਸ਼ਰ ਕਰੇਗਾ
ਮੇਰਾ ਹਰ ਬਸ਼ਰ ਇਸ ਦੌਰ ਉੱਤੇ ਫ਼ਖ਼ਰ ਕਰੇਗਾ
ਮੈਂ ਪੰਜਾਬ ਬੋਲਦਾਂ
ਮੇਰਾ ਦਿਲ ਸਦਾ ਸ਼ਾਹਦੀ ਭਰੇਗਾ...।

•

ਕਵਿਤਾ : *ਡਾ. ਗੁਰੂਮੇਲ ਸਿੱਧੂ*

# ਧਰਤੀ ਮਾਂ ਪਾਣੀ ਪਿਤਾ

ਧਰਤੀ ਦੀ ਆਨ ਲਈ
ਸਿਰ ਦੇਣਾ ਤਾਂ ਸਾਡੀ ਆਦਤ ਹੈ।
ਇਹ ਅਸਾਡਾ ਜੀਵਣਾ,
ਇਹੋ ਸ਼ਰਧਾ ਇਹੋ ਇਬਾਦਤ ਹੈ।

ਜਦ ਵੀ ਮੁਨਾਫ਼ੇਖੋਰ ਕੋਈ
ਲੁੱਟਣ ਲਈ ਕਰੇ ਗੁਸਤਾਖ਼ੀ
ਉਸ ਲਈ ਤਾਂ ਇਹ ਸ਼ਰਾਰਤ ਹੈ
ਸਾਡੇ ਲਈ ਬਗ਼ਾਵਤ ਹੈ।

ਧਰਤੀ ਮਾਂ ਪਾਣੀ ਪਿਤਾ ਹੈ
ਕੁਦਰਤ ਦੀ ਕਾਇਨਾਤ ਦਾ,
ਇਹ ਕੋਈ ਅੱਜ ਦੀ ਕਹਾਵਤ ਨਹੀਂ
ਅਨਾਦੀ ਹਕੀਕਤ ਹੈ।

ਪਰਾਇਆਂ ਨੇ ਲੁੱਟਿਆ ਸੀ
ਬੇਗ਼ਾਨਾ ਸਮਝ ਕੇ ਅੰਨਦਾਤੇ ਨੂੰ,
ਆਪਣਾ ਹੀ ਕੋਈ ਆ ਵੜੇ
ਲੁੱਟਣ ਤਾਂ ਇਹ ਹਮਾਕਤ ਹੈ।

ਕਿਰਤੀਆਂ ਲਈ ਵਗਦਾ ਹੈ ਜੋ
ਉਸ ਖ਼ੂਨ ਨੂੰ ਨਵਾਜ਼ਸ਼ ਹੈ,
ਦਰਿੰਦਿਆਂ ਲਈ ਡੁੱਲ੍ਹੇ ਜੋ ਮੈਲਾ
ਉਸ ਨੂੰ ਲੱਖ ਲਾਹਨਤ ਹੈ।

•

## ਜੀਣ ਕਥਾ

ਆ ਕਿਰਸਾਨ ਦੀ ਕਥਾ ਸੁਣਾਵਾਂ
ਜੀਣਾ ਕਿਸ ਨੂੰ ਕਹਿੰਦੇ
ਬਰਫ਼ਾਂ ਬਣੀਆਂ ਰਾਤਾਂ ਦੇ ਵਿਚ
ਜੁਗਨੂੰ ਮਘਦੇ ਰਹਿੰਦੇ।

ਜੀਣਾ-ਮਰਨਾ ਕੀ ਕਹਿੰਦੇ ਹੋ
ਏਥੇ ਮਰਨਾ ਜੀਣਾ ਇਕੋ ਹੁੰਦੈ
ਇਹ ਪੰਜ ਆਬਾਂ ਦੀ, ਜਾਈ ਧਰਤੀ
ਇਹਨੂੰ ਪਾਕ-ਪਵਿੱਤਰ ਥਾਂ ਕਹਿੰਦੇ।

ਉਹ ਤਾਂ ਜੋ ਵੀ ਕਰ ਬੈਠਾ
ਉਸ ਨੂੰ ਤਾਂ ਕੁਝ ਪਤਾ ਨਹੀਂ
ਜੋ ਰੋਹ ਦਾ ਭਖਦਾ ਦਰਿਆ ਵਗਣਾ
ਉਹਨੂੰ ਅੱਥਰਾ ਲੋਕੀ ਨਾਂ ਦਿੰਦੇ।

ਰਾਹਾਂ ਨੇ ਹੁਣ ਜਾਣ ਲਿਆ
ਸੱਚੇ ਰਾਹੀ ਕਿਹੜੇ ਨੇ
ਦਿਨੇ-ਰਾਤ ਹਿੱਕੜੀ ਨਾਲ ਲੱਗ ਕੇ
ਜੋ ਸੂਰਜ ਦਗ਼ਦੇ ਰਹਿੰਦੇ।

ਮਿੱਟੀ ਦੇ ਨਾਲ ਮਿੱਟੀ ਹੋਏ
ਰੱਬ-ਕਿਰਸਾਨ ਦਿਖਾਵਾਂ
ਫਿਰ ਫ਼ਸਲਾਂ ਦੀ ਦੁਨੀਆਂ ਵਸਦੀ
ਜਿਹਨੂੰ ਰੱਬ ਦੀ ਧੜਕਣ ਕਹਿੰਦੇ।

ਆ ਕਿਰਸਾਨ ਦੀ ਕਥਾ ਸੁਣਾਵਾਂ
ਜੀਣਾ ਕਿਸ ਨੂੰ ਕਹਿੰਦੇ
ਬਰਫ਼ਾਂ ਬਣੀਆਂ ਰਾਤਾਂ ਦੇ ਵਿਚ
ਜੁਗਨੂੰ ਮਘਦੇ ਰਹਿੰਦੇ।

•

# ਲਿਖੀ ਜਾ ਰਹੀ ਹੈ ਕਵਿਤਾ

ਸੜਕਾਂ, ਚੌਰਾਹਿਆਂ,
ਰੇਲ ਪਟੜੀਆਂ ’ਤੇ ਲਿਖੀ ਜਾ ਰਹੀ ਹੈ
ਸਾਡੇ ਸਮਿਆਂ ਦੀ ਅਸਲ ਕਵਿਤਾ

ਅਸੀਂ ਸ਼ਬਦਾਂ ਦਾ ਵਣਜ ਕਰਨ ਵਾਲੇ
ਪੱਛੜ ਗਏ ਹਾਂ
ਵਾਧਾ ਘਾਟਾ, ਨਫ਼ਾ ਨੁਕਸਾਨ ਜੋਖਦਿਆਂ
ਵਕਤ ਗੁਆ ਲਿਆ

ਪੈਰਾਂ ਤੇ ਛਾਲਿਆਂ ’ਚੋਂ ਵਗਦਾ ਮਵਾਦ
ਸਿਆਹ ਸੜਕਾਂ ’ਤੇ
ਲਫ਼ਜ਼ ਉਡੀਕ ਰਿਹਾ ਹੈ ਹਰ ਨਵੀਂ ਸਵੇਰ
ਸਿਰਜੀ ਜਾ ਰਹੀ ਹੈ ਨਵੀਂ ਕਵਿਤਾ
ਤਣੇ ਮੁੱਕਿਆਂ ਤੇ ਫਰਕਦੇ ਡੌਲਿਆਂ ਨਾਲ
ਹਵਾ ’ਚ ਲਹਿਰਾ ਰਹੀ ਹੈ ਕਵਿਤਾ

ਜਦੋਂ ਜਜ਼ਬਾ ਸੁੱਚਾ
ਸਿਦਕ ਮੁਕੰਮਲ
ਬੰਦਾ ਨਿਰਭਉ ਨਿਰਵੈਰ ਹੋਵੇ
ਉਦੋਂ ਕਵਿਤਾ
ਕਾਗ਼ਜ਼, ਕਲਮ ਤੇ ਲਫ਼ਜ਼ਾਂ ਦੀ ਮੁਥਾਜ ਕਦ ਹੁੰਦੀ ਹੈ।

•

ਕਵਿਤਾ : *ਸੁਖਵਿੰਦਰ ਕੰਬੋਜ*

# ਸੁੱਤਾ ਰਾਜਾ

ਓ ਨੀਂਦ 'ਚ ਸੁੱਤੇ ਰਾਜਿਆ
ਅਸੀਂ ਨਹੀਂ ਚਾਹੁੰਦੇ
ਤੂੰ ਸਾਡੇ ਨਾਲ 'ਮਨ ਕੀ ਬਾਤ' ਪਾਵੇਂ
ਅਸੀਂ ਤਾਂ ਚਾਹੁੰਦੇ ਹਾਂ ਕਿ ਤੂੰ ਜਾਣੇ
ਜੋ ਸਾਡੇ ਮਨ ਵਿਚ ਰਿੱਝਦਾ
ਜੋ ਰੋਹ ਦਾ ਗੁਬਾਰ ਹੈ
ਤੇ ਲੋੜਾਂ ਥੁੜਾਂ ਤੇ ਔਕੜ ਵਿਚ
ਫਸਿਆ ਹੈ ਕਿਸਾਨ ਦਾ ਦਿਲ

ਫ਼ਸਲਾਂ ਦੇ ਭਾਅ
ਤਾਂ ਪਹਿਲਾਂ ਹੀ ਸੁੱਕ ਚੁੱਕੇ ਨੇ
ਜੇ ਨਹੀਂ ਸੁੱਕੇ
ਤਾਂ ਖਾਦ ਡੀਜ਼ਲ ਤੇ
ਕੀੜੇ ਮਾਰ ਦਵਾਈਆਂ ਦੇ ਭਾਅ
ਤੇ ਹਰ ਫ਼ਸਲ ਬਾਦ
ਅਸੀਂ ਹੀ ਕਿਉਂ
ਹੋਰ ਕਰਜ਼ਾਈ ਹੋ ਰਹੇ ਹਾਂ
ਸਾਡੀ ਹੀ ਧੀ ਕਿਉਂ ਹਰ ਵਾਰ ਜਰੇ
ਘਸਮੈਲੇ ਸੂਟ ਦੀ ਛਿਲਤ
ਸਾਡੇ ਹੀ ਘਰਾਂ 'ਚ ਕਿਉਂ ਨੱਚਦਾ ਹੈ
ਕਰਜ਼ੇ ਦਾ ਫਨੀਅਰ
ਜਦੋਂ ਕਿ ਅੰਬਾਨੀ ਤੇ ਅਡਾਨੀ ਤੇ
ਉਨ੍ਹਾਂ ਵਰਗਿਆਂ ਦੇ ਲਾਣੇ ਦਾ
ਹੋਰ ਉੱਚਾ ਹੋ ਰਿਹਾ ਹੈ
ਦੌਲਤ ਦਾ ਅੰਬਾਰ

ਅਸੀਂ ਦੌਲਤਾਂ ਦੇ ਉੱਚੇ ਪਰਬਤ ਨਹੀਂ ਮੰਗਦੇ

ਅਸੀਂ ਤਾਂ ਚਾਹੁੰਦੇ ਹਾਂ
ਬਸ ਇਹ ਜ਼ਿੰਦਗੀ
ਇੱਜ਼ਤ ਮਾਣ ਨਾਲ ਜੀਵੀਏ

ਪਰ ਤੂੰ ਹਰ ਨਵੇਂ ਪਲ
ਸਾਡੇ ਪੈਰਾਂ ਹੇਠੋਂ
ਜ਼ਮੀਨ ਖਿੱਚਣ ਲਈ ਬਜ਼ਿੱਦ ਹੈਂ

ਤੈਨੂੰ ਯਾਦ ਹੋਣੈ ਰਾਜਿਆ
ਸਾਡੇ ਪੁਰਖਿਆਂ ਨੇ ਇਹ ਦਿੱਲੀ 18 ਵਾਰ ਜਿੱਤੀ ਸੀ
ਇਸ ਵਾਰ ਤਾਂ
ਅਸੀਂ ਦਿੱਲੀ ਫ਼ਤਹਿ ਕਰਨੀ ਹੈ
ਤੇ ਮੰਡੀਆਂ ਦੀ ਲੁੱਟ
ਹਮੇਸ਼ਾ ਲਈ ਖ਼ਤਮ ਕਰਨੀ ਹੈ

ਮੰਡੀਆਂ ਦੀ ਲੁੱਟ
ਹਮੇਸ਼ਾ ਲਈ ਖ਼ਤਮ ਕਰਨੀ ਹੈ

•

✶

ਪਰ ਕਿਵੇਂ ਸਮੇਟ ਕੇ ਬਹਿ ਰਹੀਏ
ਕਿਵੇਂ ਭੁੱਲ ਜਾਈਏ ਉਡਾਨ ਨੂੰ,
ਇਹ ਤਾਂ ਦਾਗ਼ ਹੈ ਸਾਡੀ ਅਣਖ 'ਤੇ
ਇਹ ਹੈ ਮਿਹਣਾ ਸਾਡੇ ਈਮਾਨ ਨੂੰ।

ਹੋਏ ਤਬਸਰੇ ਸਾਡੀ ਜ਼ਾਤ 'ਤੇ
ਸਾਡੀ ਨਸਲ ਅਕਲ ਔਕਾਤ 'ਤੇ,
ਰਿਹਾ ਜ਼ਬਤ ਨਾ ਜਜ਼ਬਾਤ 'ਤੇ
ਤੇ ਅਸੀਂ ਨਿਕਲੇ ਚੀਰ ਮਿਆਨ ਨੂੰ।

ਜੇ ਤੂੰ ਰੋਕ ਸਕਦੈਂ ਤਾਂ ਰੋਕ ਲੈ
ਇਸ ਰੋਹ ਦੇ ਵਹਿਣ ਨੂੰ ਮੁਨਸਫ਼ਾ,
ਅਸੀਂ ਜਾ ਰਹੇ ਹਾਂ ਉਲੰਘ ਕੇ
ਤੇਰੇ ਹੁਕਮ ਨੂੰ ਫ਼ੁਰਮਾਨ ਨੂੰ।

ਇਹ ਹਨ੍ਹੇਰ ਗਰਦ ਗੁਬਾਰ ਹੈ
ਸਾਡੇ ਰਾਹ 'ਚ ਉੱਚੀ ਦੀਵਾਰ ਹੈ,
ਅਸੀਂ ਕਿੰਜ ਕਰਾਂਗੇ ਕਬੂਲ ਦੱਸ
ਤੇਰੇ ਫ਼ਲਸਫ਼ੇ ਤੇਰੇ ਗਿਆਨ ਨੂੰ।

ਇਹ ਅੱਗ ਕਾਨੂੰਨ ਨਾ ਜਾਣਦੀ
ਇਹ ਤਾਂ ਲਹਿਰ ਉਨ੍ਹਾਂ ਦੇ ਹਾਣ ਦੀ,
ਜਿਹੜੇ ਸਿਦਕ ਆਪਣਾ ਪੁਗਾਉਣ ਲਈ
ਝੱਟ ਦਾਅ 'ਤੇ ਲਾ ਦਿੰਦੇ ਜਾਨ ਨੂੰ।

ਇਸ ਅਗਨ 'ਤੇ ਇਤਬਾਰ ਕਰ
ਸਾਡਾ ਨਾਂ ਉਨ੍ਹਾਂ 'ਚ ਸ਼ੁਮਾਰ ਕਰ
ਜਿਹੜੇ ਜਾਲਦੇ ਜਿੰਦ ਆਪਣੀ
ਅਤੇ ਨੂਰ ਵੰਡਦੇ ਜਹਾਨ ਨੂੰ।

•

ਕਵਿਤਾ : *ਅਮੀਆ ਕੁੰਵਰ*

## ਰੱਬ ਦੇ ਦੂਤ

ਖ਼ਬਰੇ ਕਿਹੜੀ ਮਿੱਟੀ ਦੇ ਬਣੇ ਇਹ ਲੋਕ
ਨਾ ਬਾਰਿਸ਼ਾਂ ਨਾਲ ਸਿਲ੍ਹਦੇ
ਨਾ ਪੌਣਾਂ ਨਾਲ ਠਿਲ੍ਹਦੇ
ਨਾ ਧੁੱਪਾਂ ਨਾਲ ਛਿੱਲਦੇ
ਨਾ ਝੱਖੜਾਂ ਨਾਲ ਹਿਲਦੇ

ਹਰ ਔਕੜ, ਮੁਸ਼ਕਲ ਨੂੰ ਹੱਸ ਕੇ ਮਿਲਦੇ
ਹੱਸਦੇ ਵੱਸਦੇ ਘਰਾਂ ਨੂੰ ਛੱਡ
ਟੱਪਰੀਵਾਸ ਹੋਏ
ਵਿਸ਼ਾਲ ਅਰਸ਼ੀ, ਫ਼ਰਸ਼ੀ ਉੱਦਾਤ ਘਰ
ਹੁਣ ਠਹੁਰ-ਠਿਕਾਣਾ ਇਨ੍ਹਾਂ ਦਾ
ਬਸ ਚਹੁੰ ਕੰਧਾਂ ਹੀ ਤਾਂ ਨਹੀਂ ਨੇ
ਸੋ ਬੂਹੇ-ਬਾਰੀਆਂ ਵੀ ਨਹੀਂ ਨੇ

ਖੁਸ਼ ਨੇ ਇਹ ਸੋਚ ਕੇ
ਸੱਜਰੀ ਹਵਾ ਲਈ ਬਾਰੀ ਖੋਲ੍ਹਣ
ਮੀਂਹ-ਕਣੀ ਤੋਂ ਬਚਣ ਲਈ
ਬਾਰੀ ਭੀੜਨ ਦੀ ਜ਼ਹਿਮਤ ਨਹੀਂ

ਘਰ ਹੋਈਏ ਤਾਂ
ਬੂਹਿਆਂ ਦੇ ਅੰਦਰੋਂ ਕੁੰਡੇ ਲਾਣ
ਬਾਹਰ ਹੋਈਏ ਤਾਂ ਬਾਹਰੋਂ ਜਿੰਦਰੇ ਲਾਉਣ ਦੀ
ਫ਼ਜ਼ੀਹਤ ਹੀ ਨਹੀਂ
ਨਾ ਹੁਣ ਚੋਰੀ ਦਾ ਤੌਖ਼ਲਾ
ਨਾ ਲੁੱਟੇ ਜਾਣ ਦਾ ਖ਼ੌਫ਼
ਹੱਥਾਂ ਆਪਣਿਆਂ ਦੀ ਢੋਅ ਬਣਾਈ
ਨਿਤਨੇਮ ਕਰਦੇ
ਰੱਬ ਨਾਲ ਗੋਸ਼ਟਿ ਕਰਦੇ

ਲਘੂ ਮਾਨਵ ਤੋਂ ਮਹਾਂ-ਮਾਨਵ 'ਚ
ਕਦ ਤਬਦੀਲ ਹੋਏ
ਉਹ ਖ਼ੁਦ ਇਸ ਕਾਸੇ ਤੋਂ ਅਨਜਾਣ ਹਨ

ਮੁੱਕਦੀ ਗੱਲ ਤਾਂ ਇਹ ਹੈ
ਹੁਣ ਹਰ ਜਾਗਦੀ ਜ਼ਮੀਰ ਵਾਲੇ ਦੇ
ਆਦਰਸ਼ ਨਾਇਕ ਹਨ
ਸੁਣਿਐ, ਉਨ੍ਹਾਂ ਦੇ ਸਿਦਕ, ਸਿਰੜ ਨੂੰ ਦੇਖ
ਰੱਬ ਵੀ ਹੈਰਾਨ ਹੈ...

•

## ਸਨਦ

ਜ਼ਮੀਨ ਨੂੰ ਦਾਸੀ ਬਣਾ ਵਪਾਰੀ
ਬਾਜ਼ਾਰ ਵਿਚ ਵੇਚਣ ਤੁਰੇ
ਮਾਂ ਦੀ ਇਜ਼ਤ ਖ਼ਾਤਰ ਸੂਰਮੇ
ਆਪਣੇ ਹੌਸਲੇ ਮੇਚਣ ਤੁਰੇ।

ਬੁੱਕਲ ਮਾਰ ਇਰਾਦਿਆਂ ਦੀ
ਨਿਕਲ ਪਏ ਉਹ ਘਰਾਂ ਵਿਚੋਂ
ਕਿ ਹੱਕ ਦਾ ਰੌਸ਼ਨ ਚਿਰਾਗ਼
ਸਦੀਆਂ ਤਕ ਰੌਸ਼ਨ ਰਹੇ।

ਹਨੇਰਿਆਂ ਵਿਚ ਸਬਰ ਦਾ
ਚਾਨਣ ਉਹ ਹਨ ਭਰ ਤੁਰੇ
ਕਿ ਸੱਚ ਦਾ ਦੀਪਕ ਰਾਹਾਂ ਵਿਚ
ਸਦਾ ਹੀ ਬਲਦਾ ਰਹੇ।

ਧੀਆਂ ਪੁੱਤਰਾਂ ਵਰਗੀਆਂ ਫਸਲਾਂ
ਪਾਲਣ ਉਹ ਮਾਵਾਂ ਦੇ ਵਾਂਗ
ਕਿ ਦਿੱਲੀ ਤੁਰੇ ਕਾਫ਼ਲਿਆਂ ਨੂੰ
ਪਿੱਛੇ ਦਾ ਨਾ ਫ਼ਿਕਰ ਰਹੇ।

ਵਕਤ ਦੀ ਵੰਗਾਰ ਨੂੰ
ਸੰਭਾਲ ਲਉ ਕਵਿਤਾਵਾਂ ਵਿਚ
ਕਿ ਆਉਣ ਵਾਲੀਆਂ ਪੀੜ੍ਹੀਆਂ ਲਈ
ਸੰਘਰਸ਼ ਦੇ ਸਨਦ ਰਹੇ।

•

# ਦਿੱਲੀ ਫਿਰ ਸੀਸ ਮੰਗਦੀ

ਫੇਰ ਇਤਿਹਾਸ ਨੇ ਮੂਹਰੇ ਕੀਤੀ
ਤਸਵੀਰ ਪੁਰਾਣੀ ਕਾਲੇ ਰੰਗ ਦੀ...
ਸਿਰ ਤੋਂ ਹਿੰਦ ਦੀ ਚਾਦਰ ਲਾਹ ਕੇ
ਅੱਜ ਦਿੱਲੀ ਫਿਰ ਸੀਸ ਮੰਗਦੀ...

ਨਾ ਭੈਅ ਦਿੰਦੇ ਆਣ ਕਿਸੇ ਨੂੰ
ਨਾ ਇਹ ਭੈਅ ਕਿਸੇ ਦਾ ਜਰਦੇ
ਮਾਨਵਤਾ ਲਈ ਜਿਉਂਦੇ ਮਰਦੇ
ਹੱਕ-ਹਲਾਲ ਦੀ ਰਾਖੀ ਕਰਦੇ
ਖ਼ਾਲਸਾ ਲੋਕ-ਰਾਜ ਦੇ ਓਹਲੇ
ਪਈ ਹਿਟਲਰਸ਼ਾਹੀ ਡੰਗਦੀ
ਸਿਰ ਤੋਂ ਹਿੰਦ ਦੀ ਚਾਦਰ ਲਾਹ ਕੇ
ਅੱਜ ਦਿੱਲੀ ਫਿਰ ਸੀਸ ਮੰਗਦੀ
ਫੇਰ ਇਤਿਹਾਸ ਨੇ...

ਖੇਤ ਕਿਸਾਨੀ ਗਲ ਦਾ ਜੰਜੂ
ਜਬਰੀ ਫਿਰ ਕੋਈ ਲੁੱਟ ਰਿਹਾ ਹੈ
ਆਤੰਕਵਾਦ ਦੀ ਧਮਕੀ ਹੇਠਾਂ
ਹੱਕ ਉਨ੍ਹਾਂ ਦੇ ਮੁੱਛ ਰਿਹਾ ਹੈ
ਪੋਹ ਦੀਆਂ ਰਾਤਾਂ ਠਰੀਆਂ ਜਿੰਦਾਂ
ਯਾਦ ਆਈ ਫੇਰ ਸਰਹੰਦ ਦੀ
ਸਿਰ ਤੋਂ ਹਿੰਦ ਦੀ ਚਾਦਰ ਲਾਹ ਕੇ
ਅੱਜ ਦਿੱਲੀ ਫਿਰ ਸੀਸ ਮੰਗਦੀ...
ਫੇਰ ਇਤਿਹਾਸ ਨੇ...

•

ਕਵਿਤਾ : *ਅਰਤਿੰਦਰ ਸੰਧੂ*

## ਇਕ ਬੱਦਲ ਉੱਠਿਆ ਧਰਤੀ ਤੋਂ

ਇਕ ਬੱਦਲ ਉੱਠਿਆ ਧਰਤੀ ਤੋਂ
ਤੇ ਵੱਡੇ ਸ਼ਹਿਰ 'ਤੇ ਫੈਲ ਗਿਆ
ਇਹ ਬੱਦਲ ਧਰਤੀ ਪੁੱਤਰਾਂ ਦਾ
ਇਹ ਸਾਵਾ ਸਾਵਾ ਛੈਲ ਜਿਹਾ

ਬੜੀ ਦੇਰ ਤੋਂ ਪੁੱਤਰ ਧਰਤੀ ਦਾ
ਹੁਕਮਾਂ ਦੇ ਕਹਿਰ ਹੰਢਾਉਂਦਾ ਰਿਹਾ
ਹੱਥੀਂ ਚੁਣਿਆ ਹਾਕਮ ਇਸ ਨੂੰ
ਫਿਰ ਨਿੱਤ ਨਿੱਤ ਹੋਰ ਸਤਾਉਂਦਾ ਰਿਹਾ
ਪੰਜਾਬ ਦੇ ਜੰਮੇ ਉੱਠੇ ਬਣ
ਇਹ ਜੋਸ਼ ਦਾ ਬੱਦਲ ਛੈਲ ਜਿਹਾ

ਉਹ ਫੁੱਟਿਆ ਹੌਕੇ ਹਾਵਾਂ 'ਚੋਂ
ਤੇ ਖ਼ੁਦਕੁਸ਼ੀਆਂ ਦੀਆਂ ਲੜੀਆਂ 'ਚੋਂ
ਤਖ਼ਤਾਂ ਵੱਲੋਂ ਅੰਨਦਾਤੇ ਨੂੰ
ਦੁੱਖਾਂ 'ਚ ਜਕੜਦੀਆਂ ਅੜੀਆਂ 'ਚੋਂ
ਢਲ ਕੇ ਫਿਰ ਲੋਕ ਮੋਰਚੇ ਵਿਚ
ਤੇ ਸਾਰੇ ਦੇਸ਼ 'ਚ ਫੈਲ ਗਿਆ

ਇਕ ਵਾਰ ਜਗਾਏ ਰੰਗ ਸਗਵੇਂ
ਧੋ ਕੇ ਸਾਰੇ ਇਲਜ਼ਾਮਾਂ ਨੂੰ
ਇਸ ਪੂੰਝ ਕੇ ਪਾਸੇ ਕਰ ਦਿੱਤਾ
ਸਭ ਬੁਰੇ ਬੁਰੇ ਇਲਹਾਮਾਂ ਨੂੰ
ਜਦ ਉੱਠ ਪਿਆ ਅੰਦਰੋਂ ਆਪਣੇ
ਪੰਜਾਬ ਦਾ ਗੱਭਰੂ ਛੈਲ ਜਿਹਾ

ਸੱਤੇ ਖ਼ੈਰਾਂ ਬੱਦਲ ਬਣ ਕੇ
ਇਤਿਹਾਸ ਸਿਰਜਦੇ ਲੋਕਾਂ ਨੂੰ

ਇਤਫ਼ਾਕ ਦੀ ਡੋਰੀ ਵਿਚ ਬੱਝੇ
ਇਹ ਤੋੜ ਗਏ ਸਭ ਰੋਕਾਂ ਨੂੰ
ਧੋ ਦੇਣ ਪੰਜਾਬ ਦੀ ਕਿਸਮਤ 'ਚੋਂ
ਹੁਣ ਸਾਰਾ ਕੁਝ ਮੈਲ ਜਿਹਾ

ਆਪੇ ਆਪਣੀ ਧੁੱਪ ਸਿਰਜਣਗੇ
ਇਹ ਸਿਰਜਕ ਨੇ ਸ਼ਾਹਕਾਰਾਂ ਦੇ
ਧੁੰਦਾਂ 'ਚੋਂ ਸੂਰਜ ਕੱਢਣਗੇ
ਉੱਠੇ ਹੜ੍ਹ ਬਰਖ਼ੁਰਦਾਰਾਂ ਦੇ
ਜੰਗਲ ਵਿਚ ਮੰਗਲ ਲਾ ਬੈਠਾ
ਹੜ੍ਹ ਧਰਤ ਹੇਠਲੇ ਬੈਲ ਜਿਹਾ

ਇਕ ਬੱਦਲ ਉੱਠਿਆ ਧਰਤੀ ਤੋਂ
ਤੇ ਵੱਡੇ ਸ਼ਹਿਰ 'ਤੇ ਫੈਲ ਗਿਆ
ਇਹ ਬੱਦਲ ਧਰਤੀ ਪੁੱਤਰਾਂ ਦਾ
ਇਹ ਸਾਵਾ ਸਾਵਾ ਛੈਲ ਜਿਹਾ

•

ਗ਼ਜ਼ਲ : *ਗੁਰਦਿਆਲ ਰੌਸ਼ਨ*

✶

ਝੰਡਾ ਆਪਣੇ ਹੱਕਾਂ ਦਾ ਲਹਿਰਾ ਕੇ ਆਵਾਂਗੇ
ਦਿੱਲੀਏ ਤੇਰੀ ਇੱਟ ਨਾਲ ਇੱਟ ਵਜਾ ਕੇ ਆਵਾਂਗੇ

ਕੁੰਭਕਰਣ ਦੀ ਨੀਂਦਰ ਸੁੱਤੀ ਹਾਕਮ ਦੀ ਢਾਣੀ
ਚਿੰਤਨ ਦੀ ਸੂਲੀ ਉੱਤੇ ਲਟਕਾ ਕੇ ਆਵਾਂਗੇ

ਕਿਰਸਾਨੀ ਹੁੰਦੀ ਸੱਪਾਂ ਦੀਆਂ ਸਿਰੀਆਂ ਮਿੱਧ ਮਿੱਧ ਕੇ
ਉਸ ਨੂੰ ਇਸ ਗੱਲ ਦਾ ਇਹਸਾਸ ਕਰਾ ਕੇ ਆਵਾਂਗੇ

ਖ਼ੁਦ ਨੂੰ ਚੌਕੀਦਾਰ ਲੁਟੇਰੇ ਦੱਸਣ ਲੱਗੇ ਹੁਣ
ਸੱਚ ਉਨ੍ਹਾਂ ਦਾ ਸਭਨਾਂ ਨੂੰ ਸਮਝਾ ਕੇ ਆਵਾਂਗੇ

ਹੱਕਾਂ ਦੀ ਰਾਖੀ ਲਈ ਹੱਥ ਉੱਠਿਆ ਏ ਹੁਣ ਆਪਣਾ
ਲੋੜ ਪਈ ਤੇ ਉਸਦੇ ਗਲ ਨੂੰ ਪਾ ਕੇ ਆਵਾਂਗੇ

ਤੋੜ ਦੇਵਾਂਗੇ ਬਾਜਾਂ ਦੇ ਖੰਭ ਲੋਕਾਂ ਦਾ ਏਕਾ
ਮਾਸਖੋਰੀਆਂ ਗਿਰਝਾਂ ਭੁੰਜੇ ਲਾਹ ਕੇ ਆਵਾਂਗੇ

ਗੂੰਜ ਰਿਹਾ ਏ ਕੰਵਰ ਨਗਾਰਾ ਜਾਗ ਪਈ ਜੱਨਤ
ਠੱਲ੍ਹ ਅੱਜ ਮਾਰ ਤੂਫ਼ਾਨਾਂ ਨੂੰ ਪਾ ਕੇ ਆਵਾਂਗੇ

•

ਕਵਿਤਾ : *ਕਵਿੰਦਰ ਚਾਂਦ*

# ਜੰਗ

ਜੰਗ ਹੁਣ ਸਿਰਫ਼ ਫ਼ਸਲਾਂ ਦੇ ਭਾਅ ਦੀ ਨਹੀਂ
ਜੰਗ ਹੁਣ ਦਿੱਲੀ ਦੇ ਰਾਹ ਦੀ ਨਹੀਂ
ਜੰਗ ਹੁਣ ਹੋਂਦ, ਅਣਹੋਂਦ ਦੀ ਹੈ
ਜਿਉਂਦੇ ਦਿਸਣ ਦੀ, ਜਿਉਂਦੇ ਰਹਿਣ ਦੀ ਹੈ

ਜੰਗ ਖੇਤਾਂ ਦੇ ਘੁੱਟਦੇ ਸਾਹਾਂ
ਤੇ ਬਹੁ-ਮਾਰਗੀ ਰਾਹਾਂ ਦੀ ਹੈ
ਜੰਗ ਬਾਜ਼ਾਰ ਦੀ ਤੇ ਸਭਿਆਚਾਰ ਦੀ ਹੈ

ਇਹ ਜੰਗ ਜਵਾਬਦੇਹੀ ਹੈ ਸਾਡੀ
ਬਾਬਾ ਬੰਦਾ ਸਿੰਘ ਕੋਲ
ਖੁਰਦੀਆਂ ਜ਼ਮੀਨਾਂ ਝੁਕੇ ਸੀਸ
ਖ਼ਾਲੀ ਫ਼ਰਦਾਂ ਲੈ ਕਿਹੜਾ ਮੂੰਹ ਦਿਖਾਵਾਂਗੇ
ਕਿੱਥੇ ਜਾਵਾਂਗੇ

ਅਸੀਂ ਹੋਰ ਸ਼ਹਾਦਤਾਂ ਨਹੀਂ ਦੇਵਾਂਗੇ
ਸਾਡੀਆਂ ਸ਼ਹਾਦਤਾਂ ਦਾ ਮੁੱਲ
ਆਪਣੇ ਨਾਮ ਲਿਖਵਾ ਲੈਂਦੇ ਹੋ ਤੁਸੀਂ

ਅਸੀਂ ਲੜਾਂਗੇ, ਲੜਦੇ ਰਹਾਂਗੇ
ਜਿੱਤਾਂਗੇ, ਜ਼ਿੰਦਗੀ ਦੇ ਜਾਮ ਪੀਵਾਂਗੇ

ਜੰਗ ਹੁਣ ਫ਼ਸਲਾਂ ਦੇ ਭਾਅ ਦੀ ਨਹੀਂ
ਹੋਂਦ, ਅਣਹੋਂਦ ਦੀ ਹੈ

•

## ਬਾਬਾ ! ਤੇਰੇ ਪੁੱਤ ਤੁਰੇ ਨੇ

ਬਾਬਾ !
ਤੇਰੇ ਪੁੱਤ ਤੁਰੇ ਨੇ
ਲੰਮ ਵਾਟ ਉਦਾਸੀ ਵਾਲੀ

ਸਭ ਬਾਲੇ, ਮਰਦਾਨੇ, ਲਾਲੋ ’ਕੱਠੇ ਹੋ ਕੇ
ਸਭੇ ਤੇਰੇ ਧੀਆਂ ਪੁੱਤਰ
ਭਰ ਮਿੱਟੀ ਦੀਆਂ ਮੁੱਠਾਂ
ਤੇਰੇ ਖੇਤਾਂ ਵਿਚੋਂ
ਧਰ ਕੇ ਮੋਢੇ
ਤੇਰੇ ਹਲ਼ ਨੂੰ
ਜਿਸ ਦੇ ਫਾਲੇ ਉੱਤੇ ਬੈਠਾ
ਇਸ ਵੇਲੇ ਪੰਜਾਬ ਪਿਆਰਾ

ਸੁਣ ਤੇਰੀ ਲਲਕਾਰ
ਧਰ ਕੇ ਸੀਸ ਤਲੀ ’ਤੇ
ਪੈ ਨਿਕਲੇ ਨੇ ਗਲੀ ਯਾਰ ਦੀ
ਮਨ ਵਿਚ ਪੂਰੀ ਨਿਹਚਾ
ਅਪਨੀ ਜੀਤ ਕਰੂੰ ਦੀ

ਅੱਗੇ ਬੈਠੇ
ਰਾਜੇ ਸ਼ੀਂਹ, ਮੁਕੱਦਮ ਕੁੱਤੇ
ਕੌਡੇ ਰਾਖਸ਼ ਬੰਦੇ ਖਾਣੇ
‘ਭੁੱਖੇ ਭਾਣੇ !’
ਲਹੂ ਪਿਆਸੇ
ਭਾਗੋ ਜਰਵਾਣੇ
ਸੱਜਣ ਠੱਗ
ਮਿੱਠ ਬੋਲੜੇ, ਮੋਮੋ-ਠੱਗਣੇ,

ਜਾਦੂਗਰ ਗੁਜਰਾਤੀ
ਫਾਹੁਣਾ ਚਾਹੁੰਦੇ ਜਾਲ ਵਿਛਾ ਕੇ

ਤੂੰ ਆਪਣੇ ਪੁੱਤਾਂ ਦੇ ਅੰਗ-ਸੰਗ
ਤੂੰ ਆਪਣੀਆਂ ਧੀਆਂ ਦਾ ਬਾਪੂ
ਸਭ ਦੇ ਸਿਰ 'ਤੇ ਹੱਥ ਤੇਰਾ ਹੈ
ਮਿਹਰਾਂ ਭਰਿਆ

ਲੈ ਕੇ ਤੇਰਾ ਨਾਂ
ਜਿੱਤ ਦਾ ਝੰਡਾ ਹੱਥੀਂ ਫੜ ਕੇ
ਲੈ ਉੱਡਣਗੇ ਜਾਲ
ਵਿੰਹਤਦਾ ਰਹੂ ਸ਼ਿਕਾਰੀ ਬੈਠਾ

ਬਾਬਾ !
ਇਹ ਮਾਸੂਮ ਜਿਹਾ ਹੈ ਸੁਪਨਾ ਮੇਰਾ
ਤੇਰਾ ਸਿਰ 'ਤੇ ਹੱਥ ਰਿਹਾ ਤਾਂ
ਜੋ ਹੂ ਪੂਰਾ

•

ਗ਼ਜ਼ਲ : *ਸਰਬਜੀਤ ਸਿੰਘ ਸੰਧੂ*

✶

ਵੇਖਣ ਨੂੰ ਹੈ ਯਾਰ, ਕਿਸਾਨਾ !
ਦੁਸ਼ਮਣ ਹੈ ਬਾਜ਼ਾਰ, ਕਿਸਾਨਾ !

ਖ਼ੁਦ ਨੂੰ ਖ਼ੁਦ ਨਾ ਮਾਰ, ਕਿਸਾਨਾ !
ਕਰ ਸਿਸਟਮ 'ਤੇ ਵਾਰ, ਕਿਸਾਨਾ !

ਤੇਰੇ ਕੁਝ ਇਕ ਸੰਦ ਤੇ ਸਾਧਨ,
ਦੁਸ਼ਮਣ ਦੇ ਹਥਿਆਰ, ਕਿਸਾਨਾ !

ਓਧਰ ਹਾ-ਹਾ, ਹੀ-ਹੀ, ਹੂ-ਹੂ,
ਏਧਰ ਹਾਹਾਕਾਰ, ਕਿਸਾਨਾ !

ਤੇਰੇ ਭੋਲੇਪਨ 'ਤੇ ਹੱਸਣ,
ਤਾਜਰ ਤੇਜ਼-ਤਰਾਰ, ਕਿਸਾਨਾ !

ਤੇਰੀ ਆਤਮ-ਹੱਤਿਆ ਪਿੱਛੋਂ,
ਕਾਹਦਾ ਹੈ ਪਰਿਵਾਰ, ਕਿਸਾਨਾ !

ਨਾ ਮਜ਼ਦੂਰ ਦਾ ਨਾ ਤੇਰਾ ਹੈ,
ਇਹ ਸਰਮਾਏਦਾਰ, ਕਿਸਾਨਾ !

ਹੁਣ ਤਾਂ ਖੇਤੀ 'ਤੇ ਹਾਵੀ ਨੇ,
ਸਿਆਸਤ ਅਤੇ ਵਪਾਰ, ਕਿਸਾਨਾ !

ਠੀਕ ਨਹੀਂ ਹੈ ਘੁਸਰ-ਮੁਸਰ ਇਹ,
ਆਪਣਿਆਂ ਵਿਚਕਾਰ, ਕਿਸਾਨਾ !

ਏਕਾ, ਚਿੰਤਨ, ਘੋਲ, ਭਰੋਸਾ,
ਜਿੱਤ ਦੇ ਨੁਕਤੇ ਚਾਰ, ਕਿਸਾਨਾ !

ਅੰਤਿਮ ਰੂਪ 'ਚ ਮਿਹਨਤ ਹੀ ਹੈ
ਫ਼ਲਸਫ਼ਿਆਂ ਦਾ ਸਾਰ, ਕਿਸਾਨਾ !

•

# ਚਿੱਠੀ-1

ਮੇਰੀ ਮਹਿਬੂਬ
ਬੁਰਾੜੀ, ਸਿੰਘੂ, ਟਿਕਰੀ, ਮੋਰਚਾ, ਪਾਣੀ ਵਾਲੀ ਤੋਪ
ਤੂੰ ਸੋਚਦੀ ਹੋਵੇਂਗੀ
ਕਜੇਹੀਆਂ ਗੱਲਾਂ ਕਰ ਰਿਹਾ

ਇਹ ਪਿਆਰ ਦੇ ਨਵੇਂ ਅਰਥ ਹਨ
ਸੁਪਨਿਆਂ ਦੀ ਨਵੀਂ ਪਰਿਭਾਸ਼ਾ ਹੈ

ਤੋਪ ਦਾ ਮੂੰਹ ਮੋੜਦੇ
ਐਨ ਸਾਡੇ ਦਿਲਾਂ ਵਿਚ ਆ ਵੱਜੀ ਹੈ
ਨਵਦੀਪ ਦੀ ਛਾਲ

ਉਸ ਨੂੰ ਗਲਵੱਕੜੀ ਵਿਚ ਲੈ ਪਹਿਲਾਂ

ਲੋਹਾ ਗਾਲਦੀਆਂ
ਠੰਡ ਵਿਚ ਮਘਦੀਆਂ
ਹੱਡੀਆਂ ਦੀਆਂ ਭੱਠਾਂ
ਬਾਰੂਦ ਵਿਚ ਢਲਦਾ ਅੰਨ

ਇੰਨੀ ਮਾਧਕ ਵੀ ਹੋ ਸਕਦੀ
ਮਨੁੱਖੀ ਤਨ ਦੀ ਖ਼ੁਸ਼ਬੂ !

ਹਰ ਚੌਂਕ
ਹਰ ਸੜਕ
ਦਿਸਣ ਲੱਗ ਪਏ ਹਨ
ਸ਼ਹੀਦੀ ਚੌਂਕ
ਸ਼ਹੀਦੀ ਸੜਕ

ਤੱਤੀ ਤਵੀ
ਠੰਢਾ ਬੁਰਜ

ਤੇਗ ਵਾਲੇ
ਦੇਗ ਸਹਾਰੇ ਫ਼ਤਹਿ ਵੱਲ ਵਧ ਰਹੇ
ਸਿਆਲ ਵਿਚ ਹੀ ਖਿੜਦੀ ਦਿਸਦੀ ਹੈ ਸਰ੍ਹੋਂ

ਇਸ ਬਹਾਰ ਵਿਚ
ਇਕ ਦੂਜੇ ਨੂੰ ਅਸੀਂ
ਸ਼ਗਨ ਵਜੋਂ ਦੇਵਾਂਗੇ
ਆਪਣੇ ਦਰਿਆਵਾਂ ਦਾ ਪਾਣੀ
ਆਪਣੀਆਂ ਪੈਲੀਆਂ ਦੀ ਮਿੱਟੀ

ਇਹ ਵੇਲਾ ਰੈਣ ਸੁਹਾਵੀ ਦਾ ਹੈ
ਖੇਤਾਂ ਲਈ ਜਾਗਣ ਦਾ ਹੈ

•

# ਅਸੀਂ ਹੁਣ

ਅਸੀਂ ਹੁਣ ਤੈਨੂੰ ਸੌਣ ਨਹੀਂ ਦੇਵਾਂਗੇ
ਆਪਣੇ ਧੁਰ ਅੰਦਰੋਂ
ਡੂੰਘੀ ਤਹਿ 'ਚੋਂ...
ਸਦੀਆਂ ਦਾ ਹਿਸਾਬ ਲੈਣ ਲਈ
ਅਸੀਂ ਆ ਗਏ ਹਾਂ
ਵੇਖ ਵਧ ਰਹੇ ਹਾਂ ਤੇਰੀ ਸਲਤਨਤ ਵੱਲ...

ਸਾਡੇ ਪਸੀਨੇ ਨਾਲ
ਗੁੱਝੇ ਆਟੇ ਦੀ ਤੌਹੀਨ ਕੀਤੀ ਹੈ ਤੂੰ...
ਰੋਟੀ ਸਾਡਾ ਸੁਪਨਾ ਹੈ
ਫ਼ਸਲਾਂ ਸਾਡੀਆਂ ਧੀਆਂ
ਮਿੱਟੀ ਸਾਡੀ ਮਾਂ
ਸਾਡੀ ਮਾਂ 'ਤੇ ਅੱਖ ਰੱਖੀ
ਬਿਰਤੀ ਭੰਗ ਕੀਤੀ ਤੂੰ ਸਾਡੀ...

ਅਸੀਂ ਆਪਣੀਆਂ ਜਾਗਦੀਆਂ ਰਾਤਾਂ
ਆਪਣੇ ਸਰਾਪੇ ਮੱਥਿਆਂ 'ਚ ਰੱਖ ਕੇ...
ਤੇਰੇ ਡਿਜ਼ਾਇਨ ਕੀਤੇ ਜੰਗਲ ਦੀਆਂ
ਵਿਰਲਾਂ 'ਚੋਂ ਲੰਘ ਕੇ...
ਆਪਣੀ ਮਾਂ ਮਿੱਟੀ ਦੀ ਮੁਸਕਾਨ ਲਈ
ਅਸੀਂ ਘਰਾਂ 'ਚੋਂ ਨਿਕਲ ਆਏ ਹਾਂ

ਅਸੀਂ ਸਾਰੀ ਦੁਨੀਆਂ 'ਚ ਫੈਲੇ ਹੋਏ ਹਾਂ
ਤੈਨੂੰ ਸੌਣ ਨਹੀਂ ਦੇਵਾਂਗੇ ਹੁਣ..

ਇਹ ਜੋ ਤੇਰੇ
ਤੇ ਤੇਰੇ ਵਰਗਿਆਂ ਦੇ ਸਿਰਾਂ 'ਤੇ ਤਾਜ ਨੇ
ਜਿਨ੍ਹਾਂ ਨੂੰ ਡੇਗਣ ਲਈ...

ਸਾਡੇ ਕਾਫ਼ਲੇ ਦੇ ਨਾਲ ਤੁਰ ਰਹੀ...
ਬੁੱਢੀ ਮਾਂ ਦੀ ਖੂੰਡੀ ਹੀ ਕਾਫ਼ੀ ਹੈ...

ਅਸੀਂ ਤਾਂ ਬਹੁਤ ਭੋਲੇ ਸਾਂ
ਗੁਰੂਆਂ, ਪੀਰਾਂ, ਰਿਸ਼ੀਆਂ ਮੁਨੀਆਂ ਦੀ
ਧਰਤੀ 'ਤੇ ਜੰਮੇ
ਗੁਰੂ ਦਾ ਵਾਕ ਪੜ੍ਹਦੇ
ਕਿਰਤ ਕਮਾਈ ਕਰਦੇ
ਵੰਡ ਕੇ ਛਕਣ 'ਚ ਵਿਸ਼ਵਾਸ ਰੱਖਦੇ...
ਉਸ ਮਿੱਟੀ 'ਚ ਸਾਹ ਲੈਂਦੇ
ਜਿਥੇ ਲਿਖੇ ਗਏ ਵੇਦ ਗ੍ਰੰਥ...
ਪੰਜਾਬ ਦੇ ਦਰਿਆਵਾਂ ਦੇ ਕੰਢਿਆਂ 'ਤੇ
ਹੋਈ ਉਪਨਿਸ਼ਦਾਂ ਦੀ ਰਚਨਾ...
ਤੂੰ ਸ਼ਬਦ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ...

ਪਾਣੀ ਨਿਵਾਣ ਵੱਲ ਵਹਿੰਦੇ ਨੇ
ਤੂਫ਼ਾਨ ਨਹੀਂ
ਓ ਰਾਜਾ...

ਜਦੋਂ ਵੀ ਕਵਿਤਾ ਤੜਫ਼ਦੀ ਹੈ
ਤਾਂ ਸਮੇਂ ਦੇ ਗਰਭ 'ਚ
ਇਕ ਨਵਾਂ ਸੂਰਜ ਉਦੈ ਹੁੰਦਾ
ਸਾਰੀ ਸ੍ਰਿਸ਼ਟੀ ਨੂੰ ਹੈਰਾਨ ਕਰ ਦੇਣ ਵਾਲਾ...

•

ਕਵਿਤਾ : *ਸਵਿੰਦਰ ਸੰਧੂ*

## ਜ਼ਖ਼ਮ

ਕਸ਼ਮਕਸ਼ੇ-ਜ਼ਿੰਦਗੀ ਤੋਂ
ਮਾਯੂਸ ਨਾ ਹੋ
ਕੰਡਿਆਲੇ ਤੋਂ ਵੀ
ਉਦਾਸ ਨਾ ਹੋ

ਜ਼ਖ਼ਮ ਜੋ ਤੇਰੇ ਚਿਹਰੇ 'ਤੇ
ਸਮੇਂ ਨੇ ਦਿੱਤੇ
ਸਿਤਮ ਐਸੇ ਜੋ
ਸਦੀ ਨੇ ਢਾਏ
ਦਾਗ ਨੇ ਧੁਰ ਦਿਲ 'ਤੇ
ਨਾ ਮਿਟਣ ਵਾਲੇ
ਪੂੰਝੇਗਾ ਇਤਿਹਾਸ ਹੰਝੂ
ਹੌਲੇ-ਹੌਲੇ

ਦਿੱਲੀ ਦੀ ਫ਼ਿਤਰਤ ਪੁਰਾਣੀ
ਤੇ ਜਾਣੀ ਪਹਿਚਾਣੀ
ਢਾਹੁੰਦੀ ਏ ਜ਼ੁਲਮ
ਰੱਜ ਰੱਜ ਕੇ
ਪੋਹ ਹਰ ਵਾਰ
ਯਾਦ ਕਰਾਉਂਦਾ ਸਾਨੂੰ
ਉਹ ਪੈੜਾਂ
ਸਾਡੇ ਪੁਰਖੇ ਜੋ ਰਾਹਾਂ 'ਤੇ
ਛਾਪ ਚੁੱਕੇ

ਰੰਗ ਗੂੜ੍ਹਾ ਕਰਨਾ
ਮਜੀਠ ਵਰਗਾ
ਦਾਗ ਛੋਟਾ ਹੈ ਮੁੱਖ ਉੱਤੇ
ਪਰ ਸੁਨੇਹੇ ਵੱਡੇ

ਵਕਤ ਦਾ ਦਰਪਨ
ਜਦ ਜਦ ਵੇਖੇਗਾ ਇਹਨੂੰ
ਸਿਰ ਝੁਕਾ ਕੇ ਖਲੋਣਗੇ
ਯੁੱਗ ਚਾਰੇ
ਹਵਾ ਦੁਹਰਾਏਗੀ
ਬਾਰ ਬਾਰ ਬੋਲ ਤੇਰੇ

'ਫਤਿਹ ਮਿਲਦੀ ਏ ਚੱਲ ਕੇ ਖੰਡੇ ਦੀ ਧਾਰ ਉੱਤੇ'।

•

## ਬਹੁਤ ਅਰਸੇ ਬਾਅਦ

ਬਹੁਤ ਅਰਸੇ ਬਾਅਦ
ਅਜਿਹਾ ਹੋਇਆ ਹੈ
ਕਿ ਰੋਸ ਰੋਹ ਬਣ ਕੇ
ਸਹੀ ਦਿਸ਼ਾ ’ਚ ਵਗ ਤੁਰਿਆ ਹੈ

ਲੋਕ ਏਕਤਾ ਦਾ
ਠਾਠਾਂ ਮਾਰਦਾ ਦਰਿਆ
ਉਸ ਕਿਲ੍ਹੇ ਵੱਲ ਵਧਿਆ ਹੈ
ਜਿਥੇ ਇਸ ਦੇ ਪਾਣੀਆਂ ਨੂੰ ਵੰਡਣ
ਤੇ ਧਰਤੀ ਨੂੰ ਰੰਗਣ ਦੀਆਂ
ਸਾਜ਼ਿਸ਼ਾਂ ਜਨਮ ਲੈਂਦੀਆਂ ਨੇ

ਵਰ੍ਹਿਆਂ ਦੀ ਪੀੜ ਦੇ ਹਿਮਾਲਾ ’ਚੋਂ
ਅਖ਼ੀਰ ਗੰਗਾ ਨਿਕਲ ਤੁਰੀ ਹੈ
ਗੰਗਾ, ਜੋ ਜਾਮਨ ਬਣੇਗੀ
ਜਿਉਂਦੇ ਲੋਕਾਂ ਦੀ ਮੁਕਤੀ ਦੀ

•

ਗ਼ਜ਼ਲ : *ਅਮਰਦੀਪ ਸੰਧਾਵਾਲੀਆ*

✶

ਜਬਰ ਦੇ ਸਾਹਮਣੇ ਹੁਣ ਖੜ੍ਹ ਗਿਆ ਹੈ ਰੋਹ ਕਿਸਾਨਾਂ ਦਾ।
ਸਮਾਂ ਮੁੱਕਣਾ ਸੀ ਆਖ਼ਰ ਤਾਂ ਸਬਰ ਦੇ ਇਮਤਿਹਾਨਾਂ ਦਾ।

ਬਚਾਵੀਂ ਮਾਲਕਾ ਕਿਧਰੇ ਨਾ ਸਾਡੇ ਖੇਤ ਖਾ ਜਾਵੇ,
ਉਹ ਚੰਦਰੀ ਵਾੜ ਜਿਸ ਨੂੰ ਜਾਗਿਆ ਹੈ ਮੋਹ ਦੁਕਾਨਾਂ ਦਾ।

ਉਦੋਂ ਦਿੱਲੀ ਜ਼ਰਾ ਵੀ ਦੂਰ ਨਾ ਲੱਗਦੀ ਜਦੋਂ ਹੋਵੇ,
ਬਜ਼ੁਰਗਾਂ ਦੀ ਸਿਆਣਪ ਨਾਲ ਜਜ਼ਬਾ ਨੌਜਵਾਨਾਂ ਦਾ।

ਬੁਲਾਉਂਦੇ ਆਪ ਉਹ ਪਹਿਲਾਂ ਅਤੇ ਫਿਰ ਮਿਲਣਾ ਨਹੀਂ ਚਾਹੁੰਦੇ,
ਖੁਸ਼ਕ ਏਨਾ ਵੀ ਕੀ ਹੋਇਆ ਰਵੱਈਆ ਮੇਜ਼ਬਾਨਾਂ ਦਾ।

ਤੁਸੀਂ ਪਿੰਜਰੇ 'ਚ ਦੇਵੋ ਤਾੜ ਭਾਵੇਂ ਪਰ ਕੁਤਰ ਦੇਵੋ,
ਯਕੀਨਨ ਖ਼ਾਬ ਸਾਨੂੰ ਆ ਹੀ ਜਾਣਾ ਹੈ ਉਡਾਨਾਂ ਦਾ।

ਇਹ ਬਾਹਰ ਹਾਕਮਾਂ ਦੇ ਹੱਠ ਕਰਕੇ ਹੀ ਨਿਕਲੀਆਂ ਨੇ,
ਬੜਾ ਚਿਰ ਮੰਨਿਆ ਕਹਿਣਾ ਸੀ ਤੇਗ਼ਾਂ ਨੇ ਮਿਆਨਾਂ ਦਾ।

ਕਿਤੇ ਹੁਣ ਡੋਲ ਨਾ ਜਾਇਓ, ਫ਼ਤਹਿ ਸਾਡੀ ਹੀ ਹੋਵੇਗੀ,
ਕਿ ਹੁਣ ਡੋਲਣ ਦਾ ਵੇਲਾ ਹੈ ਸਿੰਘਾਸਣ ਹੁਕਮਰਾਨਾਂ ਦਾ।

•

# ਕਿਸਾਨ

ਕਣਕ ਵਿਚ ਮੈਨੂੰ ਕਿਸਾਨ ਦਿਸਦਾ
ਕਿਸਾਨ ਵਿਚ ਕਣਕ।

ਕਿਸਾਨ ਵਿਚ ਮੈਨੂੰ ਮਿੱਟੀ ਦਿਸਦੀ
ਮਿੱਟੀ ਨਾਲ ਮਿੱਟੀ ਹੋਇਆ ਇਨਸਾਨ।

ਮਿੱਟੀ ਵਿਚ ਮੈਨੂੰ ਸੋਨਾ ਦਿਸਦਾ
ਦਿਸਦਾ ਲੋਹਪੁਰਸ਼ ਕਿਸਾਨ।

ਲੋਹਪੁਰਸ਼ ਕਿਸਾਨ ਮਿੱਟੀ ਤੇ ਹਲ ਬਣ ਜਾਂਦਾ
ਰਲ ਕੇ ਮਿੱਟੀ ਦੇ ਵਿਚ ਫਿਰ ਉੱਗ ਪੈਂਦਾ।

ਮਿੱਟੀ 'ਚੋਂ ਉਪਜਿਆ ਕਿਸਾਨ
ਮੈਨੂੰ ਕੁਦਰਤ ਲੱਗਦਾ।

ਮਿੱਟੀ ਨਾਲ ਕਿਸਾਨ ਦਾ ਸੰਘਰਸ਼ ਮੈਂ ਦੇਖਾਂ
ਦੇਖ ਕੇ ਇਹ ਇਨਸਾਨ
ਦੇਖ ਕੇ ਇਹ ਕਿਸਾਨ
ਸੂਰਜ ਅਸ਼ ਅਸ਼ ਕਰਦਾ
ਹਵਾ ਪਈ ਸਜਦੇ ਕਰਦੀ

ਕਣਕ ਵਿਚ ਮੈਨੂੰ ਕਿਸਾਨ ਦਿਸਦਾ
ਕਿਸਾਨ ਵਿਚ ਇਸ ਦੀ ਕੁਦਰਤ।

•

## ਅਸੀਂ ਵਾਰਿਸ ਮੀਰੀ ਪੀਰੀ ਦੇ...

ਤੂੰ ਸੁਣ ਲੈ ਦਿੱਲੀ ਬੋਲੀਏ,
ਬੈਠੀ ਮਚਲੀ ਸਭ ਕੁਝ ਜਾਣ,
ਤੇਰਾ ਮਚਲਪੁਣਾ ਲਾਹ ਦੇਣਗੇ,
ਆਹ ਪਹੁੰਚੇ ਨੇ ਕਿਰਸਾਨ।

ਹੁਣ ਕਰਕੇ ਏਕਾ ਦਿੱਲੀਏ,
ਅਸੀਂ ਹੈਂਕੜ ਭੰਨਣੀ ਤੇਰੀ,
ਹੁਣ ਚੱਲਣੇ ਨਹੀਂ ਸਾਡੇ ’ਤੇ,
ਤੇਰੇ ਨਾਦਰਸ਼ਾਹੀ ਫ਼ੁਰਮਾਨ।

ਸਾਨੂੰ ਠੰਢਾਂ ਨਾਹੀਂ ਡਰਾਉਂਦੀਆਂ,
ਅਸੀਂ ਪੁੱਤਰ ਖੇਤਾਂ ਦੇ ਹਾਂ,
ਖੁੱਲ੍ਹੇ ਅੰਬਰ ਥੱਲੇ ਸੌਣ ਦਾ,
ਮਿਲਿਆ ਮੁੱਢੋਂ ਹੀ ਵਰਦਾਨ।

ਬਿੱਲ ਸਾਡੇ ਲਈ ਬਣਾਉਂਦਿਆਂ,
ਪਹਿਲਾਂ ਸਾਨੂੰ ਹੀ ਨਾ ਪੁੱਛਿਆ,
ਹੁਣ ਕਿਸ ਮੂੰਹ ਨਾਲ ਆਖਦੇ,
ਕਿ ਥੋੜਾ ਨਾ ਨੁਕਸਾਨ।

ਸਾਡੀ ਮਾਵਾਂ ਜਿਹੀ ਜ਼ਮੀਨ ਹੈ,
ਤੇ ਫ਼ਸਲਾਂ ਧੀਆਂ ਵਰਗੀਆਂ,
ਤੈਨੂੰ ਪਤਾ ਨਾ ਸ਼ਾਇਦ ਦਿੱਲੀਏ,
ਸਾਡੀ ਖੇਤਾਂ ਦੇ ਵਿਚ ਜਾਨ।

ਅਸੀਂ ਵਾਰਿਸ ਮੀਰੀ-ਪੀਰੀ ਦੇ,
ਰਾਹ ਦੋਨੋਂ ‘ਵਿਰਕ’ ਜਾਣਦੇ,
ਕਦੇ ਗਾਈਏ ਗੀਤ ਅਮਨ ਦੇ,
ਕਦੇ ਚੁੱਕ ਲਈਏ ਕਿਰਪਾਨ।

•

# ਮੈਂ ਕਿਸਾਨ ਨਾਲ ਖੜ੍ਹਾ ਹਾਂ

ਮੈਂ ਕਿਸਾਨ ਨਹੀਂ ਹਾਂ
ਕਿਸਾਨਾਂ ਦੇ ਨਾਲ ਖੜ੍ਹਾ ਹਾਂ

ਖੇਤ ਮੇਰੇ ਨਹੀਂ ਹਨ
ਪਰ ਖੇਤਾਂ ਨਾਲ ਮੇਰੇ ਰਿਸ਼ਤੇ ਦਾ
ਭਰਿਆ ਢਿੱਡ ਹੁੰਗਾਰਾ ਭਰਦਾ ਹੈ

ਮੇਰੇ ਬੋਝੇ ਵਿਚ ਛਣਕਦੀ ਭਾਨ
ਲਹਿਲਹਾਉਂਦੇ ਖੇਤਾਂ ਦੀ ਗਵਾਹੀ ਹੈ
ਮੇਰੇ ਤਨ 'ਤੇ ਸਜੇ ਵਸਤਰ
ਖੇਤਾਂ ਵਿਚ ਉੱਗੇ ਕੱਜਣ ਦੀ
ਰਹਿਮਤ ਹਨ

ਮੇਰੇ ਸਾਹਾਂ ਵਿਚ
ਖੇਤਾਂ ਦੀ ਮਹਿਕ ਦੀ ਤਾਜ਼ਗੀ ਹੈ
ਮੇਰੀ ਹੈਂਕੜ ਅਤੇ ਸਵੈਮਾਣ
ਮਿੱਟੀ 'ਚੋਂ ਉੱਗਿਆ ਅਨਾਜ ਹੈ

ਖੇਤਾਂ ਕਾਰਨ
ਕਾਰਖਾਨਿਆਂ ਦੀਆਂ ਚਿਮਨੀਆਂ
ਭਖਦੀਆਂ ਹਨ
ਸੜਕਾਂ 'ਤੇ ਆਸ ਤੁਰਦੀ ਹੈ
ਹਸਪਤਾਲ ਜੀਵਨ ਬਖ਼ਸ਼ਦੇ ਹਨ
ਵਿਦਿਆਲੇ ਭਵਿੱਖ ਸਿਰਜਦੇ ਹਨ

ਮੈਂ ਕਿਸਾਨ ਨਹੀਂ ਹਾਂ
ਪਰ ਕਿਸਾਨਾਂ ਕਾਰਨ ਹੀ
ਦੁਨੀਆ ਸੋਹਣੀ ਤੇ
ਮੜ੍ਹਕ ਨਾਲ ਤੁਰਦੀ ਹੈ

ਮੈਂ ਕਿਸਾਨ ਨਹੀਂ ਹਾਂ
ਕਿਸਾਨਾਂ ਦੇ ਨਾਲ ਖੜ੍ਹਾ ਹਾਂ
ਇਹ ਮਾਣ-ਦਾਅਵਾ
ਮੇਰੇ 'ਕੱਲੇ ਦਾ ਨਹੀਂ
ਸੰਘਰਸ਼ ਕਰਦੇ
ਕਿਸਾਨਾਂ ਦੇ ਨਾਲ ਖੜ੍ਹੇ
ਹਜ਼ਾਰਾਂ ਲੱਖਾਂ ਦਾ ਹੈ

•

ਕਵਿਤਾ : *ਮਨੋਜ ਸ਼ਰਮਾ*

## ਗੂੰਜ

ਸੰਨ ਦੋ ਹਜ਼ਾਰ ਵੀਹ ਦੇ ਆਖ਼ਰੀ ਮਹੀਨੇ
ਜਦੋਂ ਕਿ ਚੱਲ ਰਹੀ ਹੈ ਮਹਾਂਮਾਰੀ ਅਜੇ
ਡਿੱਗਦਾ ਜਾ ਰਿਹਾ ਹੈ ਪਾਰਾ
ਡੂੰਘੀ ਰਾਤੇ ਤੋੜਦਾ ਹਾਂ ਰੋਟੀ ਦੀ ਪਹਿਲੀ ਬੁਰਕੀ
ਫਸ ਜਾਂਦਾ ਏ ਗਲੇ ਵਿਚ ਥੁੱਕ

ਨਹੀਂ ਕਿਸੇ ਅੰਦੋਲਨ ਵਿਚ ਨਹੀਂ ਹਾਂ
ਪਤਾ ਹੀ ਨਹੀਂ ਮੈਨੂੰ
ਹੁੰਦੀ ਕੀ ਏ ਐੱਮ.ਐੱਸ.ਪੀ.
ਕਦੇ ਨਹੀਂ ਸੋਚਿਆ ਮੰਡੀਆਂ ਗੋਦਾਮਾਂ ਬਾਰੇ
ਤੇ ਜਿਹੜੇ ਬੈਠੇ ਨੇ ਹਜ਼ਾਰਾਂ
ਧਰਤੀ ਪੁੱਤਰ ਧਰਨਿਆਂ ’ਤੇ
ਕਿੱਥੇ ਜਾਣਦਾ ਹਾਂ ਉਨ੍ਹਾਂ ਨੂੰ ਮੈਂ

ਜਦੋਂ ਬੂਹੇ ’ਤੇ ਦੁੱਧ ਮਿਲ ਰਿਹਾ ਏ
ਤੇ ਗਲੀ ਦੇ ਮੋੜ ’ਤੇ ਸਬਜ਼ੀ ਆਰਾਮ ਨਾਲ
ਤਾਂ ਇਵੇਂ ਕਿਉਂ ਹੁੰਦਾ ਹੈ ਕਿ
ਖੰਡ ਦਾ ਡੱਬਾ ਚੁੱਕਦਾ ਹਾਂ
ਤੇ ਹੱਥ ਕੰਬਣ ਲੱਗਦੇ ਨੇ

ਕੱਲ੍ਹ ਜਿਉਂ ਹੀ ਲਾਇਆ ਖ਼ਬਰਾਂ ਵਾਲਾ ਚੈਨਲ
ਦਹਾੜਦੇ ਐਂਕਰ ਦੇ ਸਾਹਮਣੇ ਬੈਠਾ
ਬੁੱਢਾ ਜਿਹਾ ਕਿਰਸਾਨ, ਬਿਲਕੁਲ
ਭਗਤ ਸਿੰਘ ਵਰਗਾ ਲੱਗਣ ਲੱਗ ਪਿਆ

ਇਸ ਲੋਕਤੰਤਰ ਵਿਚ
ਧੁੰਦ ਭਰੀ ਠੰਢ ਵਿਚ
ਬੇਫ਼ਿਕਰ ਹਾਂ ਆਪਣੇ ਘਰ ਵਿਚ ਮੈਂ

ਕਿਉਂ ਖੁੱਲ੍ਹਦੀ ਏ ਨੀਂਦ ਅਚਾਨਕ
ਰਾਤ ਦੇ ਆਖ਼ਰੀ ਪਲਾਂ ਵਿਚ ਵਿਚ...
ਕਿਉਂ ਸੁਣਦਾ ਏ ਇਸ ਤਰ੍ਹਾਂ
ਕਿ ਗਾ ਰਿਹਾ ਹੋਵੇ ਜਿਵੇਂ ਕੋਈ
'ਪਗੜੀ ਸੰਭਾਲ ਜੱਟਾ...'
ਨਾਅਰਾ ਲਾ ਰਿਹਾ ਹੋਵੇ ਜਿਵੇਂ ਕੋਈ
'ਨਾਸ ਹੋਵੇ ਸਾਮਰਾਜਵਾਦ ਦਾ'
ਤੇ ਉੱਠ ਬਹਿੰਦਾ ਹਾਂ, ਮੁੜ੍ਹਕੇ ਨਾਲ ਭਿੱਜਿਆ ਹੋਇਆ

ਰਾਤ ਦੇ ਆਖ਼ਰੀ ਪਲਾਂ ਵਿਚ
ਅਚਾਨਕ ਚੇਤੇ ਆਉਂਦੇ, ਮਾਂ ਦੇ ਬੋਲ—
ਇਤਿਹਾਸ ਦੁਹਰਾਉਂਦਾ ਏ ਖ਼ੁਦ ਨੂੰ ਜਦੋਂ
ਵੱਡੇ ਤੋਂ ਵੱਡਾ ਨਾਢੂ ਖਾਂ
ਮਿੱਟੀ ਵਿਚ ਮਿਲ ਜਾਂਦਾ ਏ

•

# ਗੜ੍ਹਕ ਗੜ੍ਹਕ ਮੜਕ ਰੜਕ

ਦਿੱਲੀਏ !

ਆਹ ਜੋ
ਪੱਤਾ ਪੱਤਾ ਬਰੂਸ਼ਦੀ
ਟਾਹਣੀ ਟਾਹਣੀ ਤੋੜਦੀ ਰਹਿੰਦੀ ਹੈਂ ਮੇਰੀ

ਮੇਰੀ ਬੋਲੀ ਮੇਰੀ ਬਾਣੀ
ਮੇਰੀ ਪੱਗ ਮੇਰੇ ਪਾਣੀ
ਮੇਰੀ ਜ਼ਮੀਂ ਮੇਰੀ ਜਵਾਨੀ

ਮੇਰੀ ਗੜ੍ਹਕ ਬੜ੍ਹਕ ਮੜ੍ਹਕ
ਸਭ ਰੜਕਦੇ ਨੇ ਤੈਨੂੰ !

ਭੁੱਲ ਜਾਂਦਾ ਹੈ ਤੈਨੂੰ
ਕਿ ਪੱਛਮੀ ਪੂਰਬੀ ਸਰਹੱਦਾਂ ’ਤੇ
ਮੇਰੀ ਬੜ੍ਹਕ ਗੜ੍ਹਕ ਹੀ ਖੜ੍ਹੀ ਹੈ
ਤੇਰੀ ਢਾਲ ਬਣ ਕੇ

‘ਸੌਂ ਜਾ ਪੁੱਤ ਨਲੂਆ ਆ ਜੂਗਾ’

ਮੈਂ ਜਾਣਦਾਂ
ਇਹ ਬੋਲ
ਅਜੇ ਵੀ ਬੇਚੈਨ ਕਰਦੇ ਨੇ ਤੈਨੂੰ

ਬੇਚੈਨੀ ਤਾਕਤਵਰ ਨੂੰ ਨਹੀਂ ਹੁੰਦੀ !

ਨਹੀਂ ਨਹੀਂ
ਤੂੰ ਆਰਾਮ ਨਾਲ ਸੌਂ
ਮੈਨੂੰ ਮੇਰੇ ਖੇਤਾਂ
ਰਣਖੇਤਾਂ ’ਚ ਖੜ੍ਹਾ ਰਹਿਣ ਦੇ !

ਤੇਰਾ ਜਾਂ ਮੇਰਾ ਨਹੀਂ
ਇਹ ਦੇਸ਼ ਆਪਣਾ ਹੈ !!

•

# ਭਿਆਨਕ

ਫ਼ਿਕਰ ਸਮੇਟਦਿਆਂ
ਫ਼ਸਲ ਸੰਭਾਲਦਿਆਂ
ਮੁਸ਼ੱਕਤ ਦੇ ਮਾਰੇ, ਥੱਕੇ ਹਾਰੇ
ਕਿਰਤੀ ਬੰਦੇ ਨੂੰ ਵੀ
ਕਦੇ ਕਦੇ ਨੀਂਦ ਆ ਜਾਂਦੀ ਹੈ
ਉਹ ਸੌਂ ਜਾਂਦਾ ਹੈ

ਸੁੱਤੇ ਹੋਏ ਕਿਰਤੀ ਬੰਦੇ ਦੇ
ਬੋਹਲ 'ਤੇ ਚੋਰ ਦੀ ਅੱਖ ਹੁੰਦੀ ਹੈ

ਪਰ ਕਦੇ ਕਦੇ
ਬੋਹਲ ਨੂੰ ਬੇਗਾਨਾ ਹੱਥ ਲੱਗਣ 'ਤੇ
ਕਿਰਤੀ ਬੰਦੇ ਦੀ
ਅੱਖ ਖੁੱਲ੍ਹ ਜਾਂਦੀ ਹੈ
ਉਹ ਜਾਗ ਜਾਂਦਾ ਹੈ

ਅਤੇ ਫਿਰ
ਜਾਗਿਆ ਹੋਇਆ ਕਿਰਤੀ ਬੰਦਾ
ਬੋਹਲ ਦੇ ਚੋਰ ਲਈ
ਬੜਾ ਭਿਆਨਕ ਹੁੰਦਾ ਹੈ
ਬੜਾ ਭਿਆਨਕ...

•

# ਏਸ ਵਾਰੀ ਖ਼ਾਲੀ ਨਹੀਂਓਂ ਪਰਤਣਾ

ਤੇਰੇ ਜ਼ੁਲਮਾਂ ਦੀ ਬੜੀ ਲੰਬੀ ਏ ਕਹਾਣੀ ਨੀ
ਖੋਹਣਾ ਚਾਹਵੇਂ ਸਾਡੇ ਖੇਤ, ਜੰਗਲ ਤੇ ਪਾਣੀ ਨੀ
ਏਸ ਵਾਰੀ ਖ਼ਾਲੀ ਨਹੀਂਓਂ ਪਰਤਣਾ ਦਿੱਲੀਏ
ਹੋਰ ਦੱਸ ਕਿੰਨਾ ਕੁ ਤੂੰ ਪਰਖਣਾ ਦਿੱਲੀਏ

ਲੁੱਟਣਾ, ਕੁਚਲਣਾ ਹੀ ਖ਼ਾਸਾ ਤੇਰਾ ਹੋ ਗਿਆ
ਸ਼ਾਹਾਂ ਵਾਲਾ ਪਾਸਾ ਬਸ ਪਾਸਾ ਤੇਰਾ ਹੋ ਗਿਆ
ਉਨ੍ਹਾਂ ਲਈ ਤੂੰ ਤਪਣਾ ਤੇ ਬਰਸਣਾ ਦਿੱਲੀਏ
ਏਸ ਵਾਰੀ ਖ਼ਾਲੀ ਨਹੀਂਓਂ...

ਬੜੀਆਂ ਰੁਕਾਵਟਾਂ ਤੂੰ ਸਾਡੇ ਰਾਹੀਂ ਪਾਈਆਂ ਨੇ
ਸਾਡੇ ਬਾਰੇ ਝੂਠੀਆਂ ਕਹਾਣੀਆਂ ਬਣਾਈਆਂ ਨੇ
ਪਿੱਛੇ ਨਾ ਨਾ ਜ਼ਰਾ ਹੁਣ ਸਰਕਣਾ ਦਿੱਲੀਏ
ਏਸ ਵਾਲੀ ਖ਼ਾਲੀ ਨਹੀਂਓਂ...

ਤੈਨੂੰ ਨਾ ਪਸੰਦ ਸਾਡੀ ਅੱਡਰੀ ਸ਼ਨਾਖ਼ਤ
ਕੁਚਲਣਾ ਲੋਚਦੀ ਏਂ ਸਾਡੀ ਤੂੰ ਬਗ਼ਾਵਤ
ਤੇਰੇ ਨੈਣੀਂ ਇੰਜ ਹੀ ਏ ਰੜਕਣਾ ਦਿੱਲੀਏ
ਏਸ ਵਾਰੀ ਖ਼ਾਲੀ ਨਹੀਂਓਂ...

ਬੜੇ ਢੰਗਾਂ ਨਾਲ ਹੁਣ ਤੀਕਰ ਡਰਾਇਆ ਏ
ਬੜਾ ਕੁਝ ਸਾਡੇ ਉੱਤੇ ਤੂੰ ਅਜ਼ਮਾਇਆ ਏ
ਪਰ ਅਸੀਂ ਜ਼ਰਾ ਨਹੀਂਓਂ ਜਰਕਣਾ ਦਿੱਲੀਏ
ਏਸ ਵਾਰੀ ਖ਼ਾਲੀ ਨਹੀਂਓਂ...

•

ਕਵਿਤਾ : *ਬੁੱਧ ਸਿੰਘ ਨੀਲੋਂ*

## ਕਿਸਾਨ ਅੰਦੋਲਨ

ਸੌਖਾ ਨਹੀਂ ਹੁੰਦਾ ਆਪਣੇ ਹੱਡਾਂ ਦੀ
ਬਾਲ ਕੇ ਅੱਗ ਸੇਕਣਾ...

ਜਦੋਂ ਚਾਰੇ ਪਾਸੇ ਝੱਖੜ ਹੋਵੇ...
ਕੁਦਰਤ ਵੀ ਹੋਵੇ 'ਮਿਹਰਬਾਨ' !

ਤਾਂ ਸੌਖਾ ਨਹੀਂ ਹੁੰਦਾ
ਅਸਮਾਨ ਥੱਲੇ ਅੱਗ ਬਾਲ ਕੇ ਰੱਖਣੀ
ਹਵਾ ਦੇ ਨਾਲ ਸ਼ਬਦਾਂ ਦੇ ਝੱਗਣ ਵਗਣ
ਪਲ ਪਲ ਬਦਲੇ ਮੌਸਮ
ਤਾਂ ਸੌਖਾ ਨਹੀਂ ਹੁੰਦਾ
ਚੁੱਲ੍ਹਾ ਬਲਦਾ ਰੱਖਣਾ...

ਸਬਰ ਦੀਆਂ ਘੁੱਟਾਂ ਭਰਨੀਆਂ ਤੇ
ਭੁੱਖਾਂ ਜਰਨੀਆਂ ਤੇ ਚਿਹਰੇ ਉੱਤੇ
ਰੱਖਣੀ ਮੁਸਕਾਨ
ਸੌਖਾ ਨੀਂ ਹੁੰਦਾ
ਜਦੋਂ ਮੋਰਚੇ 'ਤੇ ਬੇਗਾਨਿਆਂ ਨਾਲੋਂ
ਆਪਣਿਆਂ ਨਾਲ ਕਰਨੀ ਲੜਾਈ ਸੌਖੀ ਨੀਂ ਹੁੰਦੀ
ਪਿੱਠ ਵਿਚ ਵੱਜਦੇ ਛੁਰਿਆਂ ਦਾ
ਬਹੁਤ ਦਰਦ ਹੁੰਦਾ

ਆਪਣੀ ਹੀ ਅੱਗ ਸੇਕਣਾ
ਬਹੁਤ ਔਖਾ ਹੁੰਦਾ ਹੈ

ਪਰ ਦਿੱਲੀ ਦੀਆਂ ਸੜਕਾਂ 'ਤੇ
ਇਹ ਲੱਕੜ ਨਹੀਂ
ਜਿਸਮ ਬਲਦੇ ਹਨ
ਸੁਪਨੇ ਬਲਦੇ ਹਨ

ਭਵਿੱਖ ਨੂੰ ਜਗਦਾ ਰੱਖਣ ਲਈ...

ਤਾਂ ਕਿ ਮਨੁੱਖ ਦਾ ਬੀਅ ਨਾਸ ਨਾ ਹੋਵੇ
ਪੁਰਾਣੇ ਕੋਹੜ...ਹੋਣ ਖ਼ਤਮ
ਟੁੱਟ ਜਾਵੇ ਮੈਂ ਤੂੰ ਦਾ ਝਗੜਾ
ਅਸੀਂ ਬਣ ਜਾਈਏ...ਇਨਸਾਨ
ਕਰੀਏ ਕਿਰਸਾਨੀ...
ਮਨੁੱਖਤਾ ਦੀ...
ਜੋ ਬੀਜਿਆ ਉਹ ਤੇ ਉਗੇਗਾ...ਦੇਰ ਸਵੇਰ
ਸੂਰਜ ਹੌਲੀ ਹੌਲੀ ਚੜ੍ਹਦਾ ਹੈ
ਹਨੇਰਾ ਹੌਲੀ ਹੌਲੀ ਭੱਜਦਾ ਹੈ
ਹੁਣ ਚੜ੍ਹ ਆਏ ਨੇ ਘਰ ਘਰ ਸੂਰਜ
ਹੁਣ ਹੋਵੇਗਾ...ਚਾਨਣ

ਤੁਰੇ ਰਹੋ...ਜੁੜੇ ਰਹੋ
ਅੜੇ ਰਹੋ...ਕੜੇ ਰਹੋ

ਸੂਰਜ ਚੜ੍ਹਨ ਵਾਲਾ ਹੈ

ਬਾਲ ਕੇ ਰੱਖੋ ਆਪਣੇ ਹੱਡੀਆਂ ਦੀ ਅੱਗ
ਕਰ ਦਿਓ ਅਸੰਭਵ ਨੂੰ ਸੰਭਵ

ਤੁਰਿਆਂ ਹੀ ਮੰਜ਼ਿਲ ਮਿਲਦੀ ਹੈ
ਤੁਰਦੇ ਰਹੋ ਜੁੜਦੇ ਰਹੋ
ਖੱਬੇ ਸੱਜੇ ਉਪਰ ਥੱਲੇ
ਦੇਖਦੇ ਰਹੋ

ਹੁਣ ਦਿੱਲੀ ਦੂਰ ਨਹੀਂ

•

## ਪਰਾਲੀ ਦਾ ਧੂੰਆਂ

ਫ਼ਸਲਾਂ
ਹੁਣ ਖੇਤਾਂ 'ਚ ਨਹੀਂ
ਪਿੰਡਾਂ ਸ਼ਹਿਰਾਂ, ਚੌਂਕ ਚੌਰਾਹਿਆਂ
ਰੇਲ ਪਟੜੀਆਂ
ਤੇ ਸੜਕਾਂ 'ਤੇ ਉੱਗਣਗੀਆਂ।

ਹਲ਼ ਪੰਜਾਲ਼ੀਆਂ
ਟਰੈਕਟਰ ਟਰਾਲੀਆਂ
ਹਾਲ਼ੀ, ਪਾਲ਼ੀ
ਕਿਰਤੀ ਕਾਮੇ ਅਤੇ ਕਿਸਾਨ
ਚੌਂਕਾਂ, ਸੜਕਾਂ, ਰੇਲ ਪਟੜੀਆਂ 'ਤੇ ਆ ਬੈਠੇ।

ਦਿੱਲੀ ਵੱਲ ਨੂੰ ਧਾਏ
ਸਿੰਘੂ, ਟਿਕਰੀ ਆਦਿ
ਦਿੱਲੀ ਦੀਆਂ ਹੱਦਾਂ ਉੱਤੇ
ਡੇਰੇ ਲਾਏ।

ਪੂੰਜੀਦਾਰਾਂ ਦੀ ਸੇਵਾ ਲਈ
ਕਾਲ਼ੇ ਬਿੱਲਾਂ ਵਿਰੁੱਧ ਡਟ ਗਏ
ਨਾਅਰੇ ਲਾਉਂਦੇ
ਆਪੇ ਆਪਣੇ ਦਿਲ 'ਚ ਧੁਖ਼ਦੇ
ਦੁੱਖ ਦੀ ਪਰਾਲੀ ਸਾੜਦੇ।

ਇਸ ਪਰਾਲੀ ਦਾ ਧੂੰਆਂ
ਦੂਰ ਦਿੱਲੀ ਦਰਬਾਰ ਦੀਆਂ
ਨਾਸਾਂ ਵਿਚ ਰੜਕੇਗਾ।

ਦੂਰ ਦਿੱਲੀ ਦਰਬਾਰ 'ਚ ਬੈਠਾ
ਦੇਸੀ ਬਾਬਰ

ਪਾਪ ਦੀ ਜੰਞ ਲੈ ਧਾਇਆ
ਕਾਬੁਲ ਤੋਂ ਨਹੀਂ
ਇਹ ਬਾਬਰ ਗੁਜਰਾਤੋਂ ਆਇਆ।

ਬਾਬਰ ਨੇ ਹੁਣ
ਦੇਸੀ ਘਾੜ ਮੁਖੌਟਾ ਪਾਇਆ
ਦੇਸੀ ਬਾਬਰ
ਹਾਲ਼ੀਆਂ ਪਾਲ਼ੀਆਂ ਅਤੇ ਕਿਸਾਨ ਨੂੰ
ਲੁੱਟਣਾ ਚਾਹੇ
ਨਿੱਤ ਨਵੀਂ ਤਰਤੀਬ ਬਣਾਵੇ।

ਭਾਰਤ ਦੇ ਖੇਤਾਂ ਨੂੰ ਸੜਦੇ ਤੱਕਦੇ
ਸਾਰੇ ਕਿਰਤੀ ਅਤੇ ਕਿਸਾਨ
ਜਦੋਂ ਹਨ ਰੋਹ ਵਿਚ ਆਏ
ਸਾਰੇ ਦਿੱਲੀ ਵੱਲ ਨੂੰ ਧਾਏ।

ਜਾਗੇ, ਜੁੜੇ ਤੇ ਹੱਕ ਮੰਗਦੇ
ਰੋਹ ਭਰੇ ਨਾਅਰੇ ਲਾਉਂਦੇ
ਨੰਗੇ ਧੜ ਸੜਕਾਂ ’ਤੇ ਬੈਠੇ
ਠੰਢੀਆਂ ਯਖ਼ ਰਾਤਾਂ ਵਿਚ
ਆਪਣਾ ਹੱਕ ਮੰਗਦੇ।

ਅੰਨ੍ਹੇ ਬੋਲੇ ਲੋਟੂ ਤੇ ਸ਼ੈਤਾਨ ਹਾਕਮੋ
ਅੱਖਾਂ ਖੋਲ੍ਹੋ ਸੰਭਲ ਜਾਵੋ
ਸੜਕਾਂ ਉੱਤੇ ਠਰ੍ਹਦੇ ਰੋਹ ਦੀ ਜਵਾਲਾ
ਜੇਕਰ ਭੜਕ ਪਈ ਤਾਂ
ਦਿੱਲੀ ਤਖ਼ਤ ਦੇ ਉੱਚੇ ਕਿੰਗਰੇ
ਤਿੜਕ ਜਾਣਗੇ

ਨੀਂਹਾਂ ਕੰਬ ਜਾਣਗੀਆਂ
ਸਬਰ ਦੀ ਵੀ ਕੋਈ ਹੱਦ ਹੁੰਦੀ ਹੈ।

ਸਬਰ ਟੁੱਟਿਆ ਇਹ ਹਲ਼
ਇਹ ਟਰੈਕਟਰ, ਇਹ ਟਰਾਲੀਆਂ
ਜੇ ਸੀ ਬੀ, ਬੁਲਡੋਜ਼ਰ ਅਤੇ ਟੈਂਕ ਬਣ ਜਾਣੇ

ਦਿੱਲੀ ਪੁੱਜ ਕੇ
ਛਪੰਜਾ ਇੰਚ ਦੀ ਛਾਤੀ ਨੂੰ ਇਹ
ਮਸਲ ਦੇਣਗੇ।

ਰੋਹ ਆਏ ਕਿਸਾਨਾਂ
ਆਪਣੇ ਹੱਕ ਖੋਹ ਲੈਣੇ
ਖੇਤੀ ਬਿੱਲ ਰੱਦ ਕਰਨੇ ਪੈਣੇ।

•

## ਯੁੱਧ ਨਾਦ

ਰੋਹ ਹੈ, ਵਿਦਰੋਹ ਹੈ
ਹਨੇਰਿਆਂ ਵਿਚ ਲੋਅ ਹੈ
ਇਹ ਕਿਰਤੀਆਂ ਦਾ ਕਾਫ਼ਲਾ
ਮਨੁੱਖਤਾ ਦਾ ਮੋਹ ਹੈ

ਇਹ ਗੀਤ ਕਿਰਤ ਬਿਰਤ ਦਾ
ਤੇ ਹੱਕਾਂ ਦੀ ਜੰਗ ਹੈ
ਇਹ ਜਜ਼ਬਾ ਪਹਿਚਾਣ ਦਾ
ਕੁਰਬਾਨੀਆਂ ਦਾ ਰੰਗ ਹੈ।

ਇਹ ਭੀੜ ਨਹੀਂ ਈਮਾਨ ਹੈ
ਹੱਕ ਸੱਚ ਦਾ ਤੂਫ਼ਾਨ ਹੈ
ਹੈ ਕਾਮਿਆਂ ਦੀ ਫ਼ੌਜ
ਮੇਰੇ ਦੇਸ਼ ਦਾ ਕਿਰਸਾਨ ਹੈ।

ਇਹ ਯੁੱਧ ਹੈ, ਇਹ ਨਾਦ ਹੈ
ਇਹ ਸਬਰ ਤੇ ਸੰਤੋਖ ਵੀ
ਹੈ ਰੰਗ ਸਭਿਆਚਾਰ ਦਾ
ਇਹ ਸ਼ਬਦ ਤੇ ਸਲੋਕ ਵੀ।

ਇਹ ਸੰਗਤਾਂ ਦੀ ਪੰਗਤ
ਤੇ ਲੰਗਰ ਦੀ ਰੀਤ ਹੈ
ਇਹ ਦੁੱਖ-ਦਰਦ, ਸਾਂਝ-ਸੰਜਮ
ਜਿੱਤ ਦਾ ਪ੍ਰਤੀਕ ਹੈ।

ਬੁੱਧ, ਈਸਾ, ਅੱਲ੍ਹਾ ਅਤੇ
ਗੀਤਾ ਦੇ ਸਲੋਕ ਨੇ
ਅੱਗੇ ਅੱਗੇ ਨਾਨਕ
ਤੇ ਪਿੱਛੇ ਪਿੱਛੇ ਲੋਕ ਨੇ।

ਨਾ ਟੁੱਟਣਾ, ਨਾ ਝੁਕਣਾ
ਇਹ ਕਿਸੇ ਤੋਂ ਨਾ ਰੁਕਣਾ
ਹੈ ਵੇਗ ਕਰਮ-ਧਰਮ ਦਾ
ਇਸ ਮੰਜ਼ਿਲਾਂ 'ਤੇ ਢੁੱਕਣਾ।

ਧਰਮ ਹੈ, ਈਮਾਨ ਹੈ
ਇਹ ਅਣਖ ਤੇ ਸਨਮਾਨ ਵੀ
ਹੈ ਯੁੱਧ ਨਾਦ ਕਿਰਤ ਦਾ
ਤੇ ਜਿੱਤ ਦਾ ਫੁਰਮਾਨ ਵੀ।

•

✶

ਜਿਵੇਂ ਖ਼ੁਦ ਫਸਣ ਖ਼ਾਤਰ ਹੀ ਸੁਨਹਿਰੀ ਜਾਲ ਬੁਣਿਆ ਹੈ।
ਵਤਨ ਦੇ ਵਾਸੀਆਂ ਨੇ ਜ਼ਾਲਮਾਂ ਨੂੰ ਆਪ ਚੁਣਿਆ ਹੈ।

ਅਸੀਂ ਦਿੱਲੀ 'ਚ ਤਾਂ ਕੁਰਬਾਨੀਆਂ ਦਿੱਤੀਆਂ ਸੀ ਪਹਿਲਾਂ ਵੀ,
ਇਹ ਸਿੰਘੂ, ਟਿਕਰੀ ਬਾਰਡਰ ਹੀ ਪਹਿਲੀ ਵਾਰ ਸੁਣਿਆ ਹੈ।

ਤੇਰੇ ਚਿਹਰੇ 'ਤੇ ਮੁਰਦਾਬਾਦ ਹੀ ਛਪਿਆ ਰਹੇ ਦਿੱਲੀਏ,
ਕਿਸਾਨਾਂ ਨੇ ਤਾਂ ਆਪਣੇ ਦਿਲ 'ਤੇ ਜ਼ਿੰਦਾਬਾਦ ਖੁਣਿਆ ਹੈ।

ਦਲੇਰੀ, ਵੀਰਤਾ, ਸੂਰਮਗਤੀ ਸਾਹਸ ਹੀ ਨਿਕਲੇ ਨੇ,
ਉਨ੍ਹਾਂ ਨੇ ਫੇਰ ਜਦ ਪੰਜਾਬੀਆਂ ਦਾ ਖ਼ੂਨ ਪੁਣਿਆ ਹੈ।

ਅਸੀਂ ਉਸ ਦੇ ਸਹਾਰੇ ਪੋਹ ਮਹੀਨਾ ਕੱਢਣਾ ਦੇਖੀਂ,
ਜੋ ਮਫਲਰ ਆਪਣੀਆਂ ਹੀ ਆਂਦਰਾ ਦਾ ਆਪ ਉਣਿਆ ਹੈ।

•

✶

ਝੁਕ ਜਾ, ਜੇ ਨਾ ਝੁਕਿਆ ਤੂੰ ਪਛਤਾਏਂਗਾ।
ਝੱਖੜ ਡਾਹਢਾ ਹੈ ਮੂਲੋਂ ਟੁੱਟ ਜਾਏਂਗਾ।

ਹਿਟਲਰ ਸ਼ਾਹੀ ਬਹੁਤੀ ਦੇਰ ਨਹੀਂ ਚੱਲਦੀ,
ਲਗਦਾ ਏ ਇਤਿਹਾਸ ਤੂੰ ਫਿਰ ਦੁਹਰਾਏਂਗਾ।

ਲਾਵਾ ਫੁੱਟ ਪਿਆ ਦਿੱਲੀ ਦੀਆਂ ਸੜਕਾਂ ’ਤੇ,
ਲੱਖ ਹੀਲੇ ਕਰ ਲੈ, ਤੂੰ ਬਚ ਨਾ ਪਾਏਂਗਾ।

ਰੋਜ਼ ਬਦਲ ਕੇ ਆਉਂਦੈ ਆਪਣੇ ਵਸਤਰ ਤੂੰ,
ਚਿਹਰੇ ਵਾਲੇ ਕਿੱਦਾਂ ਦਾਗ਼ ਮਿਟਾਏਂਗਾ।

ਪਾਪ ਤੇਰੇ ਕੰਬਣਗੇ ਰੋਏਂਗਾ ਬਹਿ ਕੇ,
ਨਜ਼ਰਾਂ ਜਦ ਤੂੰ ਆਪਣੇ ਨਾਲ ਮਿਲਾਏਂਗਾ।

ਏਨੀ ਅੱਗ ਛੁਪੀ ਹੈ ਸਾਡੇ ਸੀਨੇ ਵਿਚ,
ਛੂਹੇਂਗਾ ਜਦ ਤੂੰ ਪਲ ਵਿਚ ਢਲ ਜਾਏਂਗਾ।

ਕਰਦੈਂ ਨਿੱਤ ਗੁਲਾਮੀ ਪੂੰਜੀਪਤੀਆਂ ਦੀ,
ਚੌਂਕੀਦਾਰ ਨਹੀਂ ਤੂੰ ਠੱਗ ਅਖਵਾਏਂਗਾ।

ਇਕ ਜਗ੍ਹਾ ’ਤੇ ਸਾਧ ਨਿਸ਼ਾਨਾ ਯਾਰ ‘ਕੰਵਰ’,
ਕਦ ਤਕ ਉਲਟ ਦਿਸ਼ਾ ਵੱਲ ਤੀਰ ਚਲਾਏਂਗਾ।

•

# ਮੀਂਹ

ਮੀਂਹ ਕਿਸਾਨ ਲਈ ਕੀ ਚੀਜ਼ ਹੁੰਦਾ ਹੈ ?
ਚਰਲ ਚਰਲ ਵਰ੍ਹਦੇ ਮੀਂਹ 'ਚ ਪੱਠੇ ਢੋਂਹਦਾ
ਪਸ਼ੂਆਂ ਨੂੰ ਬਾਹਰ ਅੰਦਰ ਕਰਦਾ
ਧਾਰਾਂ ਕੱਢਦਾ
ਨੱਕੇ ਮੋੜਦਾ, ਬੰਦ ਕਰਦਾ
ਗਿੱਲੇ ਕੱਪੜਿਆਂ 'ਚ ਹੀ ਚਾਹ ਰੋਟੀ ਖਾਂਦਾ
ਫੇਰ ਆਹਰੇ ਲੱਗਦਾ
ਚੋਂਦੀਆਂ ਛੱਤਾਂ ਤੇ ਸੀਮਿੰਟ ਭੁੱਕਦਾ
ਕਹਿੰਦਾ 'ਚੰਗਾ ਰੱਬਾ ਜਿਵੇਂ ਤੇਰੀ ਰਜ਼ਾ ਹੈ'

ਮੀਂਹ ਮਜ਼ਦੂਰ ਲਈ ਕੀ ਚੀਜ਼ ਹੁੰਦਾ ਆ ?
ਵਰ੍ਹਦੇ ਮੀਂਹ 'ਚ ਰਿਕਸ਼ੇ 'ਤੇ ਸਵਾਰੀ ਬਿਠਾਉਂਦਾ
ਸਵਾਰੀ ਉੱਤੇ ਛੱਤ ਕਰਦਾ
ਆਪ ਚਰਲ ਚਰਲ ਕਰਦੇ ਮੀਂਹ 'ਚ
ਪੈਡਲ ਮਾਰਦਾ ਚੱਲੀ ਜਾਂਦਾ

ਕੋਈ ਦਿਹਾੜੀਦਾਰ ਸਿਰ 'ਤੇ ਲਿਫ਼ਾਫ਼ਾ ਲੈ
ਹੱਥ 'ਚ ਰੋਟੀ ਵਾਲਾ ਡੱਬਾ ਲਈ ਘਰੋਂ ਨਿਕਲਦਾ
ਰੇਹੜੀ ਖਿੱਚਦਾ
ਗਿੱਲੇ ਕੱਪੜਿਆਂ ਦੇ ਖੂੰਜੇ ਨਿਚੋੜਦਾ
ਆਖਦਾ 'ਚੰਗਾ ਰੱਬਾ ਤੇਰੇ ਰੰਗ ਨਿਆਰੇ'

•

# ਕਿਸਾਨ ਤੇ ਹਕੂਮਤ 20/21

ਮਰਾਠੇ ਤੇ ਅਫ਼ਗਾਨ
ਹੋਏ ਸਨ ਆਹਮੋ ਸਾਹਮਣੇ
ਦੂਹਰਾ ਰਿਹਾ ਆਪਾ ਇਤਿਹਾਸ
ਜਾਂ ਜਾਗੋ ਮੀਟੀ ਦਾ ਚਾਣਕੀਆ ਚਿਹਰਾ !
ਪਾਣੀਪਤ ਜਾਂ ਸੋਨੀਪਤ ਦੀ ਹੱਦ ਦਿਸਹੱਦਾ
ਸੋਚ ਰਿਹਾ ਹੈ ਕੱਲ੍ਹ ਦਾ ਸੂਰਜ

ਮੈਂ ਜਾਗ ਰਹੀ ਹਾਂ
ਬੋਲ ਕੇ ਦੱਸ ਰਿਹਾ ਹੈ ਉਹ ਬਜ਼ੁਰਗ
ਪੈਰੀਂ ਭੋਇੰ-ਧਰਤ ਦੀ ਗਾਥਾ
ਤੇ ਚੁੱਲ੍ਹਿਆਂ ਦੀ ਅੱਗ ਠਰ ਜਾਣ ਦਾ ਡਰ

ਅੰਮ੍ਰਿਤ ਵੇਲੇ ਬੋਲਦੇ
ਬਬੀਹੇ ਨੂੰ ਸੁਣਨ ਤੇ ਗੌਣ ਵਾਲਾ ਕਿਰਤੀ
ਤੋੜ ਰਿਹਾ ਹੈ ਅੰਮ੍ਰਿਤ ਵੇਲੇ
ਕੰਡਿਆਲੀ ਤਾਰ
ਬੋਲ ਗੁਰੂ ਗੋਬਿੰਦ ਸਿੰਘ ਦਾ ਬੋਲਾ ਜੈਕਾਰਾ
ਬਾਰ ਬਾਰ ਸੁੱਖ ਸਾਂਦ ਮੰਗ ਰਹੀ ਹਾਂ

ਖ਼ੂਨ ਵਿਚ ਤਰਦੀ
ਲਾਲਗੀ ਦੀ ਸਾਂਝ ਦੀ
'ਮਾਨਵ ਕੀ ਜਾਤ ਸਭ ਏਕੋ ਪਹਿਚਾਨਬੋ'
ਪਰ ਮਨ ਵਿਚ ਸਵਾਲ ਉੱਠ ਰਿਹਾ ਹੈ ਕਿ
'ਲਾਲ ਕਿਲੇ ਪਰ ਝੰਡਾ ਲਹਿਰਾਨੇ ਕੇ ਲੀਏ ਤੋ
ਵੋਹ ਚਾਂਦਨੀ ਚੌਕ ਕੇ ਸਾਮਨੇ ਸੇ ਹੀ ਗੁਜ਼ਰਤੇ ਹੋਂਗੇ'।

•

# ਬਾਪੂ ਆਖੇ ਪੁੱਤ ਨੂੰ

ਬਾਪੂ ਆਖੇ ਪੁੱਤ ਨੂੰ ਹੁਣ ਕੱਸ ਲਓ ਤਿਆਰੀਆਂ।
ਸੜਕਾਂ ’ਤੇ ਲਾ ਕੇ ਡੇਰਾ ਆਪਾਂ ਰੋਕਣੀਆਂ ਲਾਰੀਆਂ।

ਕਾਲੇ ਹੀ ਕਾਨੂੰਨਾਂ ਵਾਲੀ ਚੜ ਆਈ ਰਾਤ ਏ।
ਪਗੜੀ ਸੰਭਾਲ ਜੱਟਾ ਪਾਉਣੀ ਅਸਾਂ ਬਾਤ ਏ।
ਹਿੰਮਤਾਂ ਦੇ ਸਾਗਰਾਂ ਵਿਚ ਲਾਈਏ ਹੁਣ ਤਾਰੀਆਂ।
ਬਾਪੇ ਆਖੇ ਪੁੱਤ ਨੂੰ...

ਹਰੇ ਮਾਡਲ ਖੇਤ ਵਿਚ ਜ਼ਹਿਰ ਨੂੰ ਉਗਾ ਦਿੱਤਾ।
ਕਰਜ਼ੇ ਤੇ ਖ਼ੁਦਕੁਸ਼ੀ ਵਾਲਾ ਐਸਾ ਬੀਅ ਪਾ ਦਿੱਤਾ।
ਮੰਡੀ ਰੋਲ ਫ਼ਸਲਾਂ ਨੂੰ ਚਲਾਈਆਂ ਕਿਵੇਂ ਆਰੀਆਂ।
ਬਾਪੂ ਆਖੇ ਪੁੱਤ ਨੂੰ...

ਖੋਹਣ ਨੂੰ ਜ਼ਮੀਨ ਸਾਡੀ ਹੋ ਰਹੀ ਮਾਰੋ ਮਾਰ ਏ।
ਭਗਵੇਂ ਚਿੱਟੇ ਨੀਲੇ ’ਤੇ ਨਾ ਰਿਹਾ ਇਤਬਾਰ ਏ।
ਅਮਰੀਕਾ ਨਾਲ ਪਾਲਦੇ ਇਹ ਡੂੰਘੀਆਂ ਯਾਰੀਆਂ।
ਬਾਪੇ ਆਖੇ ਪੁੱਤ ਨੂੰ...

ਹੱਕ ਲੈਣਾ ਆਉਂਦਾ ਸਾਨੂੰ ਜੂਝ ਕੇ ਦਿਖਾਵਾਂਗੇ।
ਬੰਦੇ ਦੀ ਔਲਾਦ ਹਾਂ ਦਿੱਲੀ ਨੂੰ ਸਬਕ ਸਿਖਾਵਾਂਗੇ।
ਜਵਾਨੀ ਨੇ ਹੁਣ ਆਲਸ ਦੀਆਂ ਚਾਦਰਾਂ ਉਤਾਰੀਆਂ।
ਬਾਪੂ ਆਖੇ ਪੁੱਤ ਨੂੰ...

ਲਾਠੀਆਂ ਤੇ ਜੇਲ੍ਹਾਂ ਦੀ ਨਾ ਹੋਣੀ ਪਰਵਾਹ ਏ।
ਦੁਆਬੇ ਮਾਝੇ ਮਾਲਵੇ ਦਾ ਬਣਿਆ ਇਕ ਰਾਹ ਏ।
ਕਾਫ਼ਲੇ ’ਚ ਰਲ ਗਈਆਂ ਮਰਦਾਂ ਨਾਲ ਨਾਰੀਆਂ।
ਬਾਪੂ ਆਖੇ ਪੁੱਤ ਨੂੰ ਹੁਣ ਕੱਸ ਲਓ ਤਿਆਰੀਆਂ।
ਸੜਕਾਂ ’ਤੇ ਲਾ ਕੇ ਡੇਰਾ ਆਪਾਂ ਰੋਕਣੀਆਂ ਲਾਰੀਆਂ।

•

# ਦਮਾਮੇ ਤੋਂ ਦਮਾਮੇ ਤਕ

**(ਕਿਸਾਨੀ ਸੰਘਰਸ਼ ਦੀ ਗਾਥਾ)**

ਜਦੋਂ ਤੁਹਾਡੇ ਵਿਹੜਿਆਂ ਵਿਚ
ਭੁੱਖ ਉਗਦੀ ਸੀ
ਉਦੋਂ ਸਾਡੇ ਸਿਆੜਾਂ ਵਿਚ
ਬੱਲੀਆਂ ਉਗਦੀਆਂ ਸੀ
ਤੇ ਮੈਂ ਹਾਲੀਆਂ ਪਾਲੀਆਂ
ਤੇ ਚਿੜੀ ਜਨੌਰਾਂ ਤੋਂ ਲੈ ਕੇ
ਤੁਹਾਡੇ ਤਕ
ਸਭ ਦਾ ਢਿੱਡ ਭਰਦਾ ਸੀ
ਜਿਉਣ ਦਾ ਚਾਅ ਕਰਦਾ ਸੀ

ਫੇਰ ਉਨ੍ਹਾਂ ਬੱਲੀਆਂ ਨੂੰ
ਕੁਝ ਬਲੀ ਅਗਵਾ ਕਰਕੇ
ਮਹਾਂਬਲੀ ਬਣ ਗਏ
ਤੇ ਸਾਡੇ ਸਿਆੜਾਂ ਵਿਚ
ਭੁੱਖਾਂ ਉੱਗਣ ਲੱਗੀਆਂ...

ਜਦ ਬੱਲੀਆਂ ਸੁਨਹਿਰੀ ਭਾਅ ਮਾਰਦੀਆਂ
ਮੈਂ ਦਮਾਮੇ ਮਾਰਦਾ ਮੇਲੇ ਜਾਂਦਾ ਸੀ
ਮੇਰੀ ਰਾਣੋ ਧੀ
ਪਿੱਪਲ 'ਤੇ ਪੀਂਘ ਪਾ
ਧਰਤ ਤੇ ਅੰਬਰ ਦੇ ਵਿਚਕਾਰ
ਲਹਿਰਾਉਂਦੀ
ਪਿੱਪਲ ਦੀਆਂ ਪਲੂਮਣਾਂ ਤੋੜ
ਧਰਤੀ ਤੇ ਅੰਬਰ ਦਾ
ਫ਼ਾਸਲਾ ਮੇਟ ਦਿੰਦੀ ਸੀ
ਤੇ ਉਸਦੀ ਕਰੋਸ਼ੀਏ ਦੀ ਚਾਦਰ 'ਤੇ ਕੱਢੇ

ਮੋਰ ਤੇ ਘੁੱਗੀਆਂ ਪਰਵਾਜ਼ ਭਰਦੇ ਸੀ
ਤੇ ਮੇਰੀ ਸੁਆਣੀ ਦੇ ਗੀਤਾਂ ਦੀ ਲੰਮੀ ਹੇਕ
ਕੁਲ ਕਾਇਨਾਤ ਤਕ ਫੈਲ ਜਾਂਦੀ ਸੀ

ਫੇਰ ਜਦ ਕਰਜ਼ਿਆਂ ਦੇ ਬੋਝ ਥੱਲੇ
ਸਾਡੇ ਅਰਮਾਨ ਗਹਿਣੇ ਟਿਕਣ ਲੱਗੇ
ਲੰਮੀ ਹੇਕ ਦੇ ਗੀਤ
ਕੀਰਨਿਆਂ ਵਿਚ ਬਦਲ ਗਏ
ਤੇ ਪੀਂਘ ਦਾ ਰੱਸਾ
ਤੂੜੀ ਵਾਲੇ ਕੋਠੇ 'ਚ ਪਹੁੰਚ ਗਿਆ
ਤੇ ਰਾਣੋ ਧੀ
ਕਾਹਨ ਜਿਹੇ ਵਰ ਨੂੰ ਤਰਸਦੀ
ਹੁਬਕੀਂ ਹੁਬਕੀਂ ਰੋਣ ਲੱਗੀ
ਕਿਉਂਕਿ ਉਸਦੇ ਸੁਪਨਿਆਂ ਦੇ ਚੰਨਣ ਨੂੰ ਤਾਂ
ਕਦੋਂ ਦੀ ਸਿਓਂਕ ਖਾ ਗਈ ਸੀ

ਪੁੱਤਾਂ ਦੇ ਸੁਪਨਿਆਂ ਦੇ ਰੰਗ ਚਿੱਟੇ ਹੋ ਗਏ
ਬੜੀਆਂ ਰੀਝਾਂ ਨਾਲ
ਕੋਠੀ ਦੇ ਸਿਖਰ 'ਤੇ ਧਰੀ
ਟੈਂਕੀ ਫੁੱਟਬਾਲ ਵਰਗੀ ਤਾਂ ਹੋ ਗਈ ਸੀ
ਪਰ ਨਾ ਖੇਡਣ ਲਈ ਜ਼ਮੀਨ ਬਚੀ ਸੀ
ਤੇ ਨਾ ਖਿਡਾਰੀ
ਘਾਹ ਚੁੱਲ੍ਹਿਆਂ ਵਿਚ ਉੱਗ ਆਇਆ ਸੀ
ਤੇ ਅੱਗ ਸ਼ਮਸ਼ਾਨਾਂ ਵਿਚ
ਬੇਸੁਰ ਹੋ ਗਈ ਸੀ ਸਾਹਾਂ ਦੀ ਸਰਗਮ
ਤੇ ਜਿਉਣਾ ਮਰਨ ਦੀ ਜੂਨੀ ਪੈ ਗਿਆ ਸੀ

ਫੇਰ ਸੋਚਿਆ ਮਨਾ
ਕਿਉਂ ਨਾ ਆਪਣੇ ਗਲ ਦਾ ਸਾਫ਼ਾ

ਆਪਣੇ ਸੁਪਨਿਆਂ ਦੇ ਕਾਤਲ ਦੇ
ਗਲ 'ਚ ਪਾ ਕੇ
ਇਕ ਵਾਰ ਪੁੱਛਾਂ ਤਾਂ ਸਹੀ
ਕਿ ਸ਼ਾਤਿਰ ਬੰਦਿਆ
ਅਸੀਂ ਤਾਂ ਤੈਨੂੰ ਰੋਟੀ ਦਿੱਤੀ ਸੀ
ਤੂੰ ਸਾਡੇ ਹੱਥਾਂ ਵਿਚ
ਜ਼ਹਿਰ ਕਿਉਂ ਥਮਾ ਦਿੱਤੀ
ਜ਼ਹਿਰ ਦੇ ਵਪਾਰੀਆ

ਯਾਦ ਰੱਖੀਂ, ਜੇ ਸਾਨੂੰ ਮਰਨਾ ਆਉਂਦਾ ਹੈ
ਤਾਂ ਅਣਖ ਨਾਲ ਜਿਉਣਾ ਵੀ ਆਉਂਦਾ ਹੈ
ਉਸ ਵਕਤ ਮੈਂ ਆਪਣੇ ਆਪ ਨੂੰ ਸਵਾਲ ਕੀਤਾ ਸੀ
ਕਿ ਮਨਾ ! ਜਿਸ ਧਰਤ ਨੂੰ ਕਦੇ ਬਾਬੇ ਨਾਨਕ ਨੇ
ਕਿਰਤ ਦੇ ਫਾਲੇ ਨਾਲ ਥੱਲਿਆ ਸੀ
ਉਸ ਭੁਰਭੁਰੀ ਹੋਈ ਮਿੱਟੀ ਵਿਚ
ਕਦੇ ਭਗਤ ਸਿੰਘ ਨੇ ਦਮੂਖਾਂ ਬੀਜੀਆਂ ਸਨ
ਤੇ ਸਰਾਭੇ ਨੇ ਗਦਰ
ਫਿਰ ਮੈਂ ਖ਼ੁਦਕੁਸ਼ੀਆਂ ਦੀ ਫ਼ਸਲ ਕਿਉਂ ਬੀਜਾਂ ?

ਮੈਂ ਵੀ ਕੰਮੀਆਂ ਦੇ ਵਿਹੜੇ ਦਾ ਸੂਰਜ ਬਣਾਂਗਾ
ਹਨੇਰਿਆਂ ਦੀ ਕੁੱਖ 'ਚੋਂ ਪਹੁ ਫੁਟਾਲੇ ਵਾਂਗ ਚੜ੍ਹਾਂਗਾ
ਦਮਾਮੇ ਦੀ ਗਰਦ ਝਾੜਾਂਗਾ
ਸਬਰੱਕਤਾ ਬੋਹਲ ਦੇ ਕੋਲ ਧਰਾਂਗਾ
ਕਾਇਰਾਂ ਦੀ ਮੌਤ ਨਹੀਂ ਮਰਾਂਗਾ
ਆਪਣੇ ਹਿੱਸੇ ਦਾ ਅੰਬਰ ਖੋਹ
ਰੱਜ ਕੇ ਜਿਉਣ ਦੀ ਕੋਸ਼ਿਸ਼ ਕਰਾਂਗਾ
ਰੱਜ ਕੇ ਜਿਉਣ ਦੀ ਕੋਸ਼ਿਸ਼ ਕਰਾਂਗਾ...

•

# ਪੁੱਤ ਨਾਨਕ ਦੇ

ਅੱਜ ਫੇਰ ਨਾਨਕ ਤੁਰਿਆ
ਔਝੜ ਰਾਹਾਂ ’ਤੇ
ਕਿਰਤੀ ਨਾਨਕ, ਸਿਦਕੀ ਨਾਨਕ
ਛੋਹਿਆ ਪੈਂਡਾ ਕਰਤਾਰਪੁਰੇ ਤੋਂ ।
ਕੋਈ ਸ਼ਹਿਰ ਗਰਾਂ ਨਹੀਂ ਕਰਤਾਰਪੁਰਾ
ਕਿਰਤ ਦਾ ਨਾਂ ਹੈ ਦੂਜਾ ਇਹ
ਸਿਰਜਿਆ ਆਪ ਕਰਤਾਰ
ਆਰੰਭੀ ਹੈ ਇਕ ਹੋਰ ਉਦਾਸੀ
ਜਨਮੀ ਉਸਦੀ ਉਦਾਸੀ ਵਿਚੋਂ
ਨਿਰਾਸ਼ਾ ਵਿਚੋਂ ਮੁਫ਼ਲਸੀ ਵਿਚੋਂ
ਹਰਾ ਮੜਾਸਾ ਬੰਨ੍ਹੀ ਸਿਰ ’ਤੇ
ਉਲਝੀ ਦਾੜ੍ਹੀ
ਭੂਰੀ ਲੋਈ
ਠਿੱਬੀ ਜੁੱਤੀ
ਮੋਢੇ ਝੋਲਾ
ਤੇ ਝੋਲੇ ਵਿਚ
ਚਿੱਟੀ ਚਾਦਰ ਖੱਫਣੀ ਦੀ
ਵੰਡੀ ਨਹੀਂ, ਜੋ ਖੋਹੀ ਜਾਣੀ
ਘੱਟ ਗਿਣਤੀ ਦਾ ਹੱਕ ਮਾਰ ਕੇ
ਭਗਵੇ ਰੰਗ ਵਿਚ ਰੰਗਣ ਖ਼ਾਤਰ

ਹੱਕ ਦਿੱਤੇ ਨਹੀਂ, ਖੋਹ ਲਏ ਜਾਂਦੇ
ਹੱਕ ਮੰਗੇ ਨਹੀਂ, ਖੋਹੇ ਜਾਂਦੇ
ਜਾਣਨ ਹੱਕਾਂ ਖ਼ਾਤਰ ਮਰਨਾ
ਇਹ ਨੇ ਪੀਰ ਪੰਜਾਬ ਦੇ
ਸੀਸ ਤਲੀ ’ਤੇ ਧਰਨਾ ਜਾਣਨ
ਇਹ ਨੇ ਵੀਰ ਪੰਜਾਬ ਦੇ

ਮਰਦਾਨਾ ਸਾਥੀ ਸੀ ਪੱਕਾ
ਨਾਲ ਤੁਰ ਪਏ ਇਸ ਵਾਰੀ ਤਾਂ
ਨਿੱਕੇ ਨਿੱਕੇ ਬਾਲ ਪੋਲੇ ਪੋਲੇ ਪੈਰ
ਰੰਗ ਬਿਰੰਗੇ ਝੰਡੇ ਚੁੱਕੀ
ਆਪਣੇ ਹੱਕ ਦੀਆਂ ਬਾਤਾਂ ਪਾਉਂਦੇ
ਅੱਗੇ ਵੱਲ ਨੂੰ ਵਧਦੇ ਜਾਂਦੇ

ਮਾਤਾ ਤ੍ਰਿਪਤਾ—ਭੈਣ ਨਾਨਕੀ
ਬੀਬਾ ਸੁਲੱਖਣੀ ਰੂਪ ਜਾਨਕੀ
ਬਣ ਬਨਵਾਸੀ
ਨਵੇਂ ਉੱਗੇ ਜੰਗਲ ਵੱਲ ਨਿਕਲੇ
ਸੁਣ ਹੋਕਾ ਉਸ ਅਰਸ਼ੀ ਰੂਹ ਦਾ
ਜੁੜ ਗਈਆਂ ਆ ਲੱਖਾਂ ਰੂਹਾਂ
ਮਘਦੀਆਂ ਅੱਖਾਂ, ਜਾਗਦੀਆਂ ਰੂਹਾਂ।

ਮਾਲ ਢਾਂਡਾ ਸਭ ਪਿੱਛੇ ਛੱਡ ਕੇ
ਕੋਸੇ ਸ਼ਿਕਵੇ ਅੰਦਰੀਂ ਡੱਕ ਕੇ
ਭਾਂਡਾ ਛੰਨਾ ਨਾਲੇ ਲੈ ਕੇ
ਅਣਖ ਆਬਰੂ ਪੱਲੇ ਬੰਨ੍ਹ ਕੇ
ਚੜ੍ਹ ਗਈਆਂ ਵਿਚ ਟਰਾਲੀ-ਘਰ ਦੇ

ਬੱਝੇ ਰਹਿਣਾ ਫ਼ਿਤਰਤ ਇਨ੍ਹਾਂ ਦੀ
ਵੱਖਰੇ ਪਰ ਵਜੂਦ ਦੇ ਮਾਲਿਕ
ਅਲੋਕਾਰ ਅੰਦਾਜ਼ ਇਨ੍ਹਾਂ ਦਾ
ਤਿਆਗ ਨੂੰ ਮੰਨਣ ਕੁਲ ਹਾਸਿਲ
ਉੱਜੜ ਕੇ ਘੁੱਗ ਵੱਸਣ ਵਾਲੇ
ਇਹ ਫ਼ਕੀਰ ਪੰਜਾਬ ਦੇ
ਭੁੱਲਿਆਂ ਨੂੰ ਰਾਹ ਦੱਸਣ ਵਾਲੇ
ਇਹ ਰਾਹਗੀਰ ਪੰਜਾਬ ਦੇ

ਸਿੱਧਾ ਕੂਚ ਦਿੱਲੀ ਵੱਲ ਕੀਤਾ
ਜਿਥੇ ਸੀ ਕਾਬੁਲ ਆਣ ਵਸੇਬਾ ਕੀਤਾ
ਪਾਪ ਦੀ ਜੰਞ ਹੁਣ
ਦਾਨ ਨਹੀਂ ਮੰਗਦੀ
ਜਿੰਦ ਹੈ ਮੰਗਦੀ
ਜਾਨ ਹੈ ਮੰਗਦੀ
ਜਾਨ ਜੋ ਵੱਸਦੀ ਮਾਂ ਦੇ ਚਰਨੀਂ
ਮਾਂ ਜੋ ਵਿਚ ਧਰਤ ਦੇ ਦਿਸਦੀ
ਮਾਂ ’ਤੇ ਕਬਜ਼ਾ ਕਰਨ ਦੀ ਖ਼ਾਤਰ
ਢਿੱਡ ਸਰਮਾਏ ਦਾ ਭਰਨ ਦੀ ਖ਼ਾਤਰ
ਯਖ਼ ਰੂਹਾਂ ਵਿਚ ਰੋਸ ਜਗਾ ਕੇ
ਘਰ ਉਜਾੜ ਸੜਕਾਂ ’ਤੇ ਬਿਠਾ ਕੇ
ਬੋਲੀ ਲਾ ਕਿਰਤ ਦੀ ਆਬ ਦੀ
ਹਾਕਮ ਰੂਹ ਕੰਬਾਈ ਪੰਜਾਬ ਦੀ।

ਰੰਗ ਬਰੰਗੀਆਂ ਪੱਗਾਂ ਬੰਨ੍ਹੀ
ਬੁੱਕਲਾਂ ਮਾਰੀ, ਝੋਲੇ ਚੁੱਕੀ
ਆਪਣੇ ਖੱਫਣ ਆਪੇ ਲੈ ਕੇ
ਮਰਨੇ ਦੇ ਚਾਅ ਜੂਝ ਪਏ ਨੇ
ਗੋਬਿੰਦ ਸਿੰਘ ਦੇ ਪੁੱਤ ਪਿਆਰੇ
ਭਗਤ ਸਿੰਘ ਦੇ ਛੋਟੇ ਵੀਰ
ਸਰਾਭੇ ਦੀ ਮਾਂ ਕੁੱਖੋਂ ਜਾਏ
ਸ਼ੌਕੀਨ ਗਹਿਗੱਚ ਯੁੱਧਾਂ ਦੇ
ਮਰਨੇ ਤੋਂ ਜੋ ਕਦੇ ਨਾ ਡਰਦੇ
ਇਹ ਯੋਧੇ ਪੰਜਾਬ ਦੇ
ਸੀਸ ਵਾਰਨ ਦੀ ਜ਼ਿਦ ਜੋ ਕਰਦੇ
ਇਹ ਸੂਰੇ ਪੰਜਾਬ ਦੇ।

•

# ਅਣਖ ਤੇ ਜ਼ਿਦ

ਅੱਜ ਫਿਰ ਅਣਖ ਤੇ ਜ਼ਿਦ
ਆਹਮੋ-ਸਾਹਮਣੇ ਡਟੇ ਨੇ
ਲੱਗਦਾ ਏ
ਇਕ ਵਾਰੀ ਫਿਰ ਕੁੰਢੀਆਂ ਦੇ ਸਿੰਗ ਫਸੇ ਨੇ

ਸੰਘਰਸ਼ ਦੀ ਘੜੀ ਫਿਰ ਤੋਂ ਬੂਹੇ 'ਤੇ ਆਣ ਖਲੋਤੀ ਏ
ਹਾਰ ਤੇ ਜਿੱਤ ਦਾ ਤਾਂ ਪਤਾ ਨਹੀਂ
ਪਰ ਲੜਾਈ ਪੂਰੀ ਪੱਕੀ ਏ
ਇਹ ਤਾਂ ਵੈਸੇ ਵੀ ਹੋਣਾ ਹੀ ਸੀ
ਕਿਉਂਕਿ ਜਦ ਜਦ ਵੀ ਹੰਕਾਰ ਦੇ ਸਾਹਮਣੇ
ਹੱਕ ਨੇ ਆਪਣਾ ਸਿਰ ਚੁੱਕਿਆ ਹੈ
ਹੰਕਾਰ ਨੇ ਪੂਰੀ ਵਾਹ ਲਾ ਕੇ
ਉਸ ਨੂੰ ਕੁਚਲਣ ਦਾ ਯਤਨ ਕੀਤਾ ਹੈ

ਜੇਕਰ ਹੰਕਾਰ ਨੂੰ ਇਸ ਵਕਤ
ਪਿੱਛੇ ਹਟਾਉਣਾ ਮੁਸ਼ਕਿਲ ਏ
ਤਾਂ ਦੂਜੇ ਪਾਸੇ ਹੱਕ ਨੂੰ ਪਰਚਾਉਣਾ ਵੀ ਓਨਾ ਹੀ ਔਖਾ ਹੈ

ਇਕ ਗੱਲ ਹੋਰ, ਹੱਕ ਵੀ ਉਦੋਂ ਤੀਕ ਹੱਕ ਹੈ
ਜਦੋਂ ਤੀਕ ਉਸ ਨਾਲ ਸੱਚ ਹੈ
ਇਸ ਲਈ ਆਪਣੇ ਹੱਥਾਂ, ਪੈਰਾਂ ਤੇ ਜ਼ੁਬਾਨ 'ਤੇ
ਕਾਬੂ ਰੱਖਣਾ ਲਾਜ਼ਮੀ ਹੈ
ਤਾਂ ਜੋ ਮੰਜ਼ਿਲ ਤੇ ਮਜ਼ਬੂਤ ਤੇ ਦਿਲੇਰ
ਕਦਮਾਂ ਨਾਲ ਪਹੁੰਚਿਆ ਜਾ ਸਕੇ

•

# ਨਿੱਘੇ ਬੁੱਲੇ

ਗਰਮ ਸੂਟ 'ਚ ਲਿਪਟੀ
ਸੱਤਾ-ਨਸ਼ੇ 'ਚ ਧੁੱਤ ਕੁਰਸੀ
ਸੜਕ 'ਤੇ
ਬੇਪਰਵਾਹੀ ਦੇ ਕੰਬਲ 'ਚ ਬੈਠੇ
ਕਿਸਾਨ-ਅੰਦੋਲਨ ਨੂੰ ਪੁੱਛਣ ਲੱਗੀ :
"ਠੰਢ ਨਹੀਂ ਲੱਗਦੀ ?"

"ਨਹੀਂ...।"

"ਕਿਉਂ ?...ਏਨੀ ਸਰਦੀ ਹੈ...।"

"ਨਿੱਘੇ-ਨਿੱਘੇ ਬੁੱਲੇ ਆ ਰਹੇ ਐ...।"

"ਕਿੱਥੋਂ...?"

"ਠੰਢੇ ਬੁਰਜ ਵਿਚੋਂ...।"

ਗਰਮ ਸੂਟ 'ਚ ਲਿਪਟੀ
ਸੱਤਾ-ਨਸ਼ੇ 'ਚ ਧੁੱਤ ਕੁਰਸੀ ਕੰਬਣ ਲੱਗੀ...

•

# ਜ਼ਿੰਦਗੀ ਦੇ ਬਨੇਰੇ ਤੋਂ

ਤੁਸੀਂ ਜਦੋਂ ਵੀ ਸਾਡੇ ਅੱਗੇ
ਹਨ੍ਹੇਰਿਆਂ ਦੀ ਬਾਤ ਪਾਈ ਹੈ
ਅਸੀਂ ਆਪਣੀਆਂ
ਵਲੂੰਧਰੀਆਂ ਪਲਕਾਂ ਉੱਤੇ
ਸਿਦਕਾਂ ਦਾ ਦੀਵਾ ਟਿਕਾ ਲਿਆ ਹੈ
ਤੇ ਉਹਦੀ ਲਾਟ ਉੱਤੇ
ਹਥੇਲੀ ਧਰ ਕੇ
ਹਰ ਹਨ੍ਹੇਰੇ ਨੂੰ ਚੀਰ ਜਾਣ ਦੀ
ਸਹੁੰ ਖਾ ਲਈ ਹੈ

ਤੁਸੀਂ ਜਦੋਂ ਵੀ ਸਾਡੇ
ਉੱਭੜ-ਖੁਭੜੇ ਪੈਂਡਿਆਂ ਵਿਚ
ਮੁਸ਼ਕਿਲਾਂ ਦੇ ਅੰਨ੍ਹੇ ਬੋਲੇ ਖੂਹ ਪੁੱਟੇ ਨੇ
ਅਸੀਂ ਆਪਣੇ ਸਿਰੜੀ ਪੈਰਾਂ ਵਿਚ
ਦਲੇਰੀਆਂ ਦਾ ਜਾਦੂ ਭਰ ਲਿਆ ਹੈ
ਤੁਹਾਡੇ ਵੇਂਹਦਿਆਂ ਵੇਂਹਦਿਆਂ
ਹਰ ਖੂਹ ਨੂੰ
ਛਲਾਂਗ ਮਾਰ ਕੇ ਟੱਪ ਗਏ ਹਾਂ

ਤੁਸੀਂ ਜਦੋਂ ਵੀ ਸਾਨੂੰ
ਅਪਾਹਜ ਕਰਨ ਲਈ
ਦੋ-ਧਾਰੀ ਤਲਵਾਰ ਉਠਾਈ ਹੈ
ਅਸੀਂ ਆਪਣੇ ਜਿਸਮ ਉੱਪਰ
ਅਟੁੱਟ ਪਾਰਦਰਸ਼ੀ ਸ਼ੀਸ਼ਾ
ਉਗਾ ਲਿਆ ਹੈ
ਉਪਰੋ ਜ਼ਖ਼ਮੋ-ਜ਼ਖ਼ਮੀ ਹੋ ਕੇ ਵੀ
ਅੰਦਰੋਂ ਸਾਬਤ-ਸਬੂਤੇ ਹਾਂ

ਤੁਸੀਂ ਜਦੋਂ ਵੀ ਸਾਡਾ ਖੁਰਾ ਖੋਜ
ਮਿਟਾਉਣ ਲਈ
ਹਵਾ ਵਿਚ ਜ਼ਹਿਰ ਘੋਲਿਆ ਹੈ
ਅਸੀਂ ਆਪਣੀ ਸਾਹ ਨਾਲੀ ਉੱਤੇ
ਇਕ ਸ਼ਬਦ 'ਜ਼ਿੰਦਗੀ' ਲਿਖ ਦਿੱਤਾ ਹੈ
ਜ਼ਹਿਰੀਲੀ ਹਵਾ ਸ਼ਰਮ ਨਾਲ
ਪਾਣੀ ਪਾਣੀ ਹੋ ਕੇ
ਵਾਪਸ ਪਰਤ ਗਈ ਹੈ

ਅੱਜ ਅਸੀਂ ਜ਼ਿੰਦਗੀ ਦੇ ਬਨੇਰੇ ਤੋਂ
ਬੋਲ ਰਹੇ ਹਾਂ
ਗੱਜ ਵੱਜ ਕੇ ਬੋਲ ਰਹੇ ਹਾਂ...

•

ਕਵਿਤਾ : *ਸਰਬਜੀਤ ਕੌਰ ਸੋਹਲ*

# ਧਰਤੀ ਦੇ ਪੁੱਤਰ

ਸ਼ੁਕਰ ਮਨਾਓ
ਮੈਂ ਪੈਰਾਂ ਹੇਠ
ਡੂੰਘੀ ਅਤਿ ਡੂੰਘੀ
ਕੋਈ ਨਾ ਥਾਹ

ਡੂੰਘਾ ਵਾਹੁੰਦਾ ਜਦੋਂ
ਓਨਾ ਹੀ ਫ਼ਲ ਮਿਲਦਾ
ਟੁੱਟੇ ਭੱਜੇ ਭਾਵੇਂ ਮਾੜੇ
ਬੀਜ ਉਗਾਉਂਦੀ
ਦਵਾਈਆਂ ਦਾ ਜ਼ਹਿਰ ਵੀ ਪੀਂਦੀ

ਮਨੁੱਖ ਨੂੰ ਵਿਸ਼ਾਲਦੀ
ਅੰਨ ਉਪਜਾਉਂਦੀ
ਨਿਮਰ ਜਿਉਂਦੀ
ਮਰੇ ਪਏ ਨੂੰ ਵੀ ਸੰਭਾਲਦੀ

ਸੋਚੋ ਜ਼ਰਾ ਇਕ ਵਾਰ
ਕਿ ਜਿਸ ਦਿਨ ਮੈਂ
ਅਸਮਾਨ ਹੋ ਗਈ
ਅਸਮਾਨ ਧਰਤੀ ਹੋ ਗਿਆ

ਤੁਸੀਂ ਕੀ ਖਾਓਗੇ ?
ਤਾਰੇ ਗ੍ਰਹਿ ਜਾਂ ਵਾਯੂਮੰਡਲ
ਚੱਬੋਗੇ, ਚਿੱਥੋਗੇ
ਕਚਰ ਕਚਰ ਕਰੋਗੇ
ਕੀ ਜੀਉਂਦੇ ਰਹੋਗੇ ?

ਸੋਚੋ ਸੋਚੋ
ਜੇ ਧਰਤੀ ਤਾਸੀਰ ਬਦਲੇ ਤਾਂ
ਜਾਂ ਫਿਰ ਧਰਤੀ ਦੇ ਪੁੱਤਰ...????

•

✶

ਨਵਾਂ ਸੈਲਾਬ ਆਇਆ ਹੈ ਨਵਾਂ ਕੋਈ ਰੰਗ ਛਾਇਆ ਹੈ।
ਸਾਡੇ ਕਿਰਤੀ ਕਿਸਾਨਾਂ ਨੇ, ਨਵਾਂ ਦੀਵਾ ਜਗਾਇਆ ਹੈ।

ਅਨੋਖੀ ਲਾਟ ਦੀਵੇ ਦੀ, ਅਨੋਖੀ ਰੌਸ਼ਨੀ ਇਸ ਦੀ,
ਤੇ ਲੱਗਦਾ ਲਾਟ 'ਚੋਂ ਅੱਜ ਫਿਰ, ਸਰਾਭਾ ਮੁਸਕਰਾਇਆ ਹੈ।

ਬਿਨਾਂ ਇਤਿਹਾਸ ਦੇ ਪੜ੍ਹਿਆਂ ਬਿਨਾਂ ਪਰਖੇ ਤਾਸੀਰਾਂ ਨੂੰ,
ਕਿਸੇ ਬੇਸਮਝ ਹਾਕਮ ਦਾ ਕੋਈ ਫੁਰਮਾਨ ਆਇਆ ਹੈ।

ਲੜਾਈ ਹੱਕ ਦੀ ਵੀ ਹੈ ਲੜਾਈ ਸੱਚ ਦੀ ਵੀ ਹੈ,
ਤੇ ਸਾਡੀ ਹੋਂਦ ਦੇ ਮਸਲੇ ਜ਼ਮੀਰਾਂ ਨੂੰ ਜਗਾਇਆ ਹੈ।

ਅਸੀਂ ਮਿੱਟੀ 'ਚੋਂ ਜੰਮਦੇ ਹਾਂ ਤੇ ਮਿੱਟੀ ਵਿਚ ਹੀ ਪਲਦੇ ਹਾਂ,
ਤੇ ਏਸੇ ਸੱਚ ਨੇ ਕਿਰਤੀ ਨੂੰ ਦਿੱਲੀ 'ਤੇ ਚੜ੍ਹਾਇਆ ਹੈ।

•

## ਗਿਰਝਾਂ ਦੀਆਂ ਡਾਰਾਂ

ਇਕ ਅੱਖ ਮੇਰੇ ਖੇਤਾਂ ਉੱਤੇ
ਦੂਜੀ ਰੈਣ–ਬਸੇਰੇ ਉੱਤੇ
ਇਕ ਪੈਰ ਸਿਆਸਤ ਦੇ ਵਿਹੜੇ
ਦੂਜਾ ਧਰਮ ਦੇ ਡੇਰੇ ਉੱਤੇ

ਉਹਨੇ ਸੋਚਿਆ
ਉਹਦੇ ਤਖ਼ਤ ਦੇ ਸਾਹਵੇਂ
ਕੱਚੀ ਕੰਧ ਵਾਂਗ ਢਹਿ ਜਾਵਾਂਗੇ
ਅਸੀਂ ਗਿਰਝਾਂ ਦੀਆਂ ਡਾਰਾਂ ਕੋਲੋਂ
ਸ਼ਬਦ ਬਚਾ ਕੇ ਲੈ ਜਾਵਾਂਗੇ...

ਸਾਡੀਆਂ ਫ਼ਸਲਾਂ ਨੂੰ ਸਿੰਜਦਾ ਹੈ
ਸਾਡਾ ਖ਼ੂਨ ਪਸੀਨਾ ਬਣ ਕੇ
ਉਹ ਪੱਕੀ ਕਣਕ 'ਤੇ ਵਰ੍ਹਨਾ ਚਾਹੁੰਦਾ
ਵਿਸਾਖ 'ਚ ਸਾਉਣ ਮਹੀਨਾ ਬਣ ਕੇ
ਜਾ–ਜਾ ਬੀਬਾ, ਘਰ ਜਾ ਆਪਣੇ
ਇਹ ਸੌਦਾ ਨਾ ਸਾਨੂੰ ਪੁੱਗਦਾ
ਉਨ੍ਹਾਂ ਸੋਚਿਆ
ਚੁੱਪ ਦੀ ਮੂਰਤ ਬਣ ਕੇ
ਸਭ ਕੁਝ ਵੇਂਹਦੇ ਰਹਿ ਜਾਵਾਂਗੇ
ਅਸੀਂ ਗਿਰਝਾਂ ਦੀਆਂ ਡਾਰਾਂ ਕੋਲੋਂ
ਸ਼ਬਦ ਬਚਾ ਕੇ ਲੈ ਜਾਵਾਂਗੇ...

ਉਹ ਕਹਿੰਦੇ—ਸੁਣ ਤੂੰ ਅੰਨ ਦਾਤਿਆ
ਜ਼ਮੀਨ ਤੇਰੀ ਮਹਿੰਗੇ ਭਾਅ ਵਿਕਾਉਣੀ
ਤੈਨੂੰ ਪੈਰੋਂ ਨੰਗਿਆਂ ਕਰਕੇ
ਬੂਟਾਂ ਵਾਲੀ ਫੈਕਟਰੀ ਲਾਉਣੀ
ਤੇਰੇ ਵੱਸਦੇ ਪਿੰਡ ਨੂੰ ਢਾਹ ਕੇ

ਸੋਹਣੀ ਜਿਹੀ ਕਾਲੋਨੀ ਵਸਾਉਣੀ
ਅਸੀਂ ਤਾਂ ਹਾਂ ਖੇਤ ਦੇ ਜਾਏ
ਸਭ ਕੁਝ ਕਿੱਦਾਂ ਸਹਿ ਜਾਵਾਂਗੇ
ਅਸੀਂ ਗਿਰਝਾਂ ਦੀਆਂ ਡਾਰਾਂ ਕੋਲੋਂ
ਸ਼ਬਦ ਬਚਾ ਕੇ ਲੈ ਜਾਵਾਂਗੇ...

ਮੈਂ ਅੰਨ ਦਾਤਾ ਜਿਸ ਦੇ ਪੈਰੀਂ
ਤਪਦੀਆਂ ਸੜਦੀਆਂ ਬਲਦੀਆਂ ਰਾਹਵਾਂ
ਮੈਂ ਨੰਗੇ ਪੈਰੀਂ ਪੰਧ ਮੁਕਾਵਾਂ
ਤਵਾਰੀਖ਼ 'ਤੇ ਸੰਦਲੀ ਪੈੜਾਂ ਪਾਵਾਂ
ਪਰ੍ਹਾਂ ਰੱਖ ਮੁਕਟਾਂ ਦੀਆਂ ਛਾਵਾਂ
ਰਿਜ਼ਕ ਦੇ ਚੋਰਾਂ ਦੀ ਜੜ੍ਹ ਵਿਚ
ਦੀਮਕ ਬਣ ਕੇ ਬਹਿ ਜਾਵਾਂਗੇ
ਅਸੀਂ ਗਿਰਝਾਂ ਦੀਆਂ ਡਾਰਾਂ ਕੋਲੋਂ
ਸ਼ਬਦ ਬਚਾ ਕੇ ਲੈ ਜਾਵਾਂਗੇ।

•

ਕਵਿਤਾ : *ਕਰਮ ਸਿੰਘ ਜ਼ਖ਼ਮੀ*

## ਗੋਡੀ ਤੇਰੀ ਹਾਕਮਾ ਲਵਾਉਣਗੇ

ਲਿਖੀ ਜਾਵੇਂ ਜਿਹੜੇ ਕਾਲੇ ਲੇਖ ਤੂੰ,
ਦੇਖੀਂ ਤੇਰੇ ਹੱਥੋਂ ਪੜ੍ਹਵਾਉਣਗੇ।
ਕਿਰਤੀ ਕਿਸਾਨ ਆਏ ਚੜ੍ਹ ਕੇ,
ਗੋਡੀ ਤੇਰੀ ਹਾਕਮਾ ਲਵਾਉਣਗੇ।

ਰੁਕੇ ਨਾ ਜੁਝਾਰੂਆਂ ਦੇ ਕਾਫ਼ਲੇ,
ਕੀਤੀਆਂ ਤੂੰ ਵੱਡੀਆਂ ਤਿਆਰੀਆਂ।
ਗੋਲੇ ਵੀ ਚਲਾਏ ਹੰਝੂ ਗੈਸ ਦੇ,
ਪਾਣੀ ਦੀਆਂ ਵਾਛੜਾਂ ਵੀ ਮਾਰੀਆਂ।
ਕੱਫਣ ਤੁਰੇ ਜੋ ਘਰੋਂ ਬੰਨ੍ਹ ਕੇ,
ਬੈਰੀਕੇਡ ਭਲਾ ਕੀ ਡਰਾਉਣਗੇ।
ਕਿਰਤੀ ਕਿਸਾਨ...

ਲੋਕ ਮਨਸੂਬੇ ਤੇਰੇ ਜਾਣਦੇ,
ਅੰਨਦਾਤਿਆਂ ਨੂੰ ਭੁੱਖੇ ਮਾਰਨਾ।
ਕਰਨੀ ਦਲਾਲੀ ਪੂੰਜੀਵਾਦ ਦੀ,
ਮੁੱਢ ਤੋਂ ਹੀ ਰਹੀ ਤੇਰੀ ਧਾਰਨਾ।
ਢਿੱਡਾਂ 'ਤੇ ਜਿਨ੍ਹਾਂ ਦੇ ਲੱਤ ਮਾਰਦੇ,
ਧੌਣ ਤੇਰੀ ਦੁਸ਼ਟਾ ਝੁਕਾਉਣਗੇ।
ਕਿਰਤੀ ਕਿਸਾਨ...

ਜਾਨ ਤੋਂ ਜ਼ਮੀਨਾਂ ਨੇ ਪਿਆਰੀਆਂ,
ਕਿਸੇ ਨੂੰ ਪਰੋਸ ਦੇਈਏ ਕਿਸ ਤਰ੍ਹਾਂ।
ਕੱਖ ਨਾ ਕਿਸਾਨੀ ਪੱਲੇ ਛੱਡਣਾ,
ਕਰਦੈਂ ਤੂੰ ਘਾਲੇ-ਮਾਲੇ ਜਿਸ ਤਰ੍ਹਾਂ।
ਸਾਹਮਣੇ ਜਿਨ੍ਹਾਂ ਨੂੰ ਮੌਤ ਦਿਸਦੀ,
ਕਿਉਂ ਨਾ ਤੇਰੀ ਚੱਕਰੀ ਘੁਮਾਉਣਗੇ।
ਕਿਰਤੀ ਕਿਸਾਨ...

'ਜ਼ਖ਼ਮੀ' ਸੁਣਾਵੇ ਤੈਨੂੰ ਸੱਚੀਆਂ,
ਕਰ ਦੇ ਕਾਨੂੰਨ ਸਾਰੇ ਰੱਦ ਤੂੰ।
ਛੱਡ ਚਤਰਾਈਆਂ-ਚਾਲਬਾਜ਼ੀਆਂ,
ਮੰਗ ਲੈ ਮੁਆਫ਼ੀ ਹੁਣੇ ਸੱਦ ਤੂੰ।
ਕੰਡੇ ਜਿਹੜੇ ਰਾਹਾਂ ਵਿਚ ਬੀਜਦੈਂ,
ਨੀਂਦ ਤੇਰੀ ਰਾਤਾਂ ਦੀ ਉਡਾਉਣਗੇ।
ਕਿਰਤੀ ਕਿਸਾਨ...

•

## ਸੋਨ ਸਵੇਰਾ

ਮੇਰੇ ਨੈਣਾਂ ਦੀ ਲਾਲੀ ਵਿਚ ਚੜ੍ਹਦਾ ਸੋਨ ਸਵੇਰਾ ਹੈ।
ਅੱਜ ਦੀ ਰਾਤ ਜੇ ਤੇਰੀ ਹੈ ਤਾਂ ਕਲ੍ਹ ਦਾ ਸੂਰਜ ਮੇਰਾ ਹੈ।

ਜਿਸ ਨੂੰ 'ਨੇਰਾ ਰੜਕੂ ਆਪੇ ਖੋਲ ਲਵੇਗਾ ਬਾਰੀ
ਅਸੀਂ ਤਾਂ ਬਰਫ਼ਾਂ ਵਿਚ ਰੱਖ ਜਾਣੀ ਸ਼ਬਦਾਂ ਦੀ ਚਿੰਗਾਰੀ
ਦਿਲ ਨਾ ਛੱਡ ਜੇ ਆਲੇ ਦੁਆਲੇ ਕਮ-ਦਿਲਿਆਂ ਦਾ ਘੇਰਾ ਹੈ
ਅੱਜ ਦੀ ਰਾਤ ਜੇ ਤੇਰੀ ਹੈ ਤਾਂ ਕਲ੍ਹ ਦਾ ਸੂਰਜ ਮੇਰਾ ਹੈ।

ਧਰਤੀ ਉਸ ਦੀ ਅੰਬਰ ਉਸ ਦਾ ਪੀੜ ਜੋ ਇਸ ਦੀ ਗਾਉਂਦਾ
ਜਿਉਂਦੇ ਜੀਅ ਮਰੇ ਬੰਦੇ ਨੂੰ ਵੈਣ ਕੋਈ ਨਾ ਪਾਉਂਦਾ
ਕੀ ਹੋਇਆ ਜੇ ਦਾਅ ਉੱਤੇ ਹੁਣ ਅਪਣਾ ਰੈਣ ਬਸੇਰਾ ਹੈ
ਅੱਜ ਦੀ ਰਾਤ ਜੇ ਤੇਰੀ ਹੈ ਤਾਂ ਕਲ੍ਹ ਦਾ ਸੂਰਜ ਮੇਰਾ ਹੈ।

•

# ਉੱਠ ਜਾਗ ਪੰਜਾਬ ਸਿੰਹਾਂ

ਉੱਠ ਜਾਗ ਪੰਜਾਬ ਸਿੰਹਾਂ
ਬਈ ਹੁਣ ਜਾਗੋ ਆਈ ਆ।
ਤੇਰਾ ਉੱਜੜ ਨਾ ਜਾਏ ਪੰਜਾਬ,
ਬਈ ਹੁਣ ਜਾਗੋ ਆਈ ਆ।
ਉੱਠ ਕਿਰਤੀਆ ਉੱਠ ਕਿਸਾਨਾ,
ਹੋ ਗਿਆ ਤੇਰੇ ਵੱਲ ਜ਼ਮਾਨਾ
ਮੋੜ ਜੋ ਭਾਜੀ ਪਾਈ ਆ
ਬਈ ਹੁਣ ਜਾਗੋ ਆਈ ਆ...

ਦਿੱਲੀ ਡੰਗ ਚਲਾਵਣ ਲੱਗੀ
ਖੇਤਾਂ ਨਾਲ ਵੈਰ ਕਮਾਵਣ ਲੱਗੀ
ਇਹ ਕਰਦੇ ਜ਼ੋਰ ਅਜ਼ਮਾਈ ਆ
ਬਈ ਹੁਣ ਜਾਗੋ ਆਈ ਆ...

ਕਿਰਤੀ ਤੇਰੀ ਇਹ ਲੁੱਟਣ ਲੱਗੇ
ਮਲਕ ਭਾਗੋ ਘਰ ਸੁੱਟਣ ਲੱਗੇ
ਇਨ੍ਹਾਂ ਅੱਗ ਅਮਨ ਨੂੰ ਲਾਈ ਆ
ਬਈ ਹੁਣ ਜਾਗੋ ਆਈ ਆ...

ਖੇਤ ਪਾਣੀ ਨੇ ਹੋਏ ਜ਼ਹਿਰੀਲੇ
ਮੁੱਕ ਚੱਲੇ ਨੇ ਸਭ ਵਸੀਲੇ
ਲੋਟੂਆਂ ਲੁੱਟ ਮਚਾਈ ਆ
ਬਈ ਹੁਣ ਜਾਗੋ ਆਈ ਆ...

ਤੂੰ ਦੇਸ਼ ਸਾਰੇ ਨੂੰ ਅੰਨ ਖਵਾਇਆ
ਦਿੱਲੀ ਨੇ ਹੀ ਵੈਰ ਕਮਾਇਆ
ਇਨ੍ਹਾਂ ਕਦਰ ਨਾਂ ਕੋਈ ਪਾਈ ਆ।
ਬਈ ਹੁਣ ਜਾਗੋ ਆਈ ਆ...

ਏਕਾ ਕਰ ਲਓ ਮੇਰੇ ਭਾਈ
ਹੱਕਾਂ ਖ਼ਾਤਰ ਕਰੋ ਲੜਾਈ
ਜਿੱਤ ਹੋਣੀ ਦੂਣ ਸਵਾਈ ਆ
ਬਈ ਹੁਣ ਜਾਗੋ ਆਈ ਆ।

ਉੱਠ ਜਾਗ ਪੰਜਾਬ ਸਿੰਹਾਂ
ਬਈ ਹੁਣ ਜਾਗੋ ਆਈ ਆ...

•

ਕਵਿਤਾ : *ਕੰਵਲਜੀਤ ਭੁੱਲਰ*

## ਮੈਂ ਕਿਸਾਨ ਬੋਲਦਾਂ

ਗੱਲ ਇਹ ਨਹੀਂ ਕਿ ਅਸੀਂ ਉਦਾਸ ਰਹਿਣ ਲੱਗ ਪਏ ਹਾਂ
ਸਵਾਲ ਇਹ ਹੈ ਕਿ ਅਸੀਂ ਕਿਉਂ ਉਦਾਸ ਜਿਹੇ ਹੋਈ ਜਾ ਰਹੇ ਹਾਂ

ਅਸੀਂ ਇੰਜ ਦੇ ਕਦੇ ਨਹੀਂ ਸੀ
ਸਾਡੇ ਹਾਸੇ ਵਿਹੜੇ ਦਾ ਸ਼ਿੰਗਾਰ ਸਨ
ਅਸੀਂ ਥੱਕ-ਟੁੱਟ ਘਰ ਮਗਰੋਂ ਵੜਦੇ ਸਾਂ
ਨਿੱਕੀਆਂ ਨਿੱਕੀਆਂ ਖ਼ੁਸ਼ੀਆਂ
ਸਾਡੀਆਂ ਲੱਤਾਂ ਨਾਲ ਆ ਚਿੰਬੜਦੀਆਂ ਸਨ
ਅਸੀਂ ਉਨ੍ਹਾਂ ਖ਼ੁਸ਼ੀਆਂ ਨੂੰ ਚੁੱਕ ਆਪਣੇ ਗਲ ਨਾਲ ਲਾਉਂਦੇ ਸਾਂ
ਉਹ ਖ਼ੁਸ਼ੀ ਕੁੱਛੜ ਬਹਿ ਸਾਡੇ ਕੰਨ ਵਿਚ ਚੁਗਲੀ ਕਰਦੀ ਸੀ
'ਬੇਬੇ ਨਾ ਅੱਜ ਖੇਤਾਂ 'ਚ ਗਈ ਸੀ
ਸਾਗ ਬਣਿਆ ਅੱਜ...!!!'

ਅਸੀਂ ਉਦਾਸ ਵੀ ਹੋਏ ਤੇ ਫ਼ਿਕਰਮੰਦ ਵੀ ਹਾਂ
ਕਿਉਂ ਸਾਡੀਆਂ ਖ਼ੁਸ਼ੀਆਂ ਜੋ ਥੋੜ੍ਹੀਆਂ ਬਹੁਤ ਹਨ
ਉਹ ਸਾਡੇ ਕੋਲ ਨਹੀਂ ਰਹਿਣ ਦੇਣਾ ਚਾਹੁੰਦੇ ਤੁਸੀਂ
ਅਸੀਂ ਬਹੁਤੇ ਜ਼ੋਰਾਵਰ ਤਾਂ ਨਹੀਂ ਪਰ ਕਮਜ਼ੋਰ ਵੀ ਓਨੇ ਨਹੀਂ
ਤੁਹਾਡੀ ਚਾਪਲੂਸੀ ਸੋਚ ਤੁਹਾਡੇ ਲਈ ਤਾਂ ਕਾਰਗਰ ਹੈ
ਪਰ ਅਸੀਂ ਓਹ ਮਾਰੂ ਹਥਿਆਰ ਹਾਂ
ਅਸੀਂ ਜਿਨ੍ਹਾਂ ਜ਼ਮੀਨਾਂ ਪਿੱਛੇ ਸਕੇ ਭਰਾ ਨਹੀਂ ਬਖ਼ਸ਼ੇ
ਸਾਥੋਂ ਸਾਡੀ ਧਰਤ ਖੋਹਣ ਵਾਲੇ ਪਰਤਣਗੇ ਕਿਵੇਂ...

•

# ਦੇਸ਼ ਦਾ ਅੰਨ ਦਾਤਾ

ਬੜਾ ਅਫ਼ਸੋਸ ਕਿ ਦੇਸ਼ ਦਾ ਅੰਨ ਦਾਤਾ
ਜਾਨ ਆਪਣੀ ਆਪ ਗੁਆਈ ਜਾਂਦਾ
ਢਿੱਡ ਭਰ ਕੇ ਆਪ ਤਾਂ ਕੀ ਖਾਣਾ
ਟੱਬਰ ਆਪਣਾ ਭੁੱਖਾ ਸੁਲਾਈ ਜਾਂਦਾ

ਰਾਤਾਂ ਜਾਗ ਕੱਟੇ ਵਿਚ ਪਾਲਿਆਂ ਦੇ
ਟਾਕੀਆਂ ਝੱਗੇ 'ਤੇ ਥਾਂ ਥਾਂ ਲਾਈ ਜਾਂਦਾ
ਐਗਰੀਕਲਚਰ ਨੇ ਤਰੱਕੀ ਤਾਂ ਬੜੀ ਕੀਤੀ
ਕਿਰਸਾਨ ਫਿਰ ਵੀ ਦੁੱਖ ਹੰਢਾਈ ਜਾਂਦਾ

ਤਰੱਕੀ ਦੇਖਣੀ ਤਾਂ ਗਿਣੋ ਤਨ ਦੀਆਂ ਲੀਰਾਂ
ਵਾਧਾ ਜਿਨ੍ਹਾਂ 'ਚ ਰੋਜ਼ ਹੀ ਆਈ ਜਾਂਦਾ
ਪੁੱਤਾਂ ਵਾਂਗ ਉਹ ਪਾਲਦਾ ਫ਼ਸਲਾਂ ਨੂੰ
ਝੱਖੜ ਹਨੇਰੀਆਂ ਤੋਂ ਘਬਰਾਈ ਜਾਂਦਾ

ਕਾਹਦੀ ਜ਼ਿੰਦਗੀ ਮੇਰੇ ਕਿਰਸਾਨ ਦੀ ਉਏ
ਇਕ ਇਕ ਕਰਕੇ ਜਾਨ ਗੁਆਈ ਜਾਂਦਾ
ਰੁਲਦਾ ਮੰਡੀਆਂ 'ਚ ਦਿਨ ਰਾਤ ਦੇਖੋ
ਤਰਲੇ ਆੜ੍ਹਤੀਆਂ ਦੇ ਨਿੱਤ ਹੈ ਪਾਈ ਜਾਂਦਾ

ਪੰਡ ਕਰਜ਼ੇ ਦੀ ਸਿਰ 'ਤੇ ਫਿਰੇ ਚੁੱਕੀ
ਫਿਰ ਵੀ ਮਨ ਨੂੰ ਨਿੱਤ ਸਮਝਾਈ ਜਾਂਦਾ
ਲਾਹ ਦੇਣਾ ਕਰਜ਼ਾ ਜੋ ਚੁੱਕਿਆ ਏ
ਦਿਨ ਰਾਤ ਇਹ ਸੋਚ ਲੰਘਾਈ ਜਾਂਦਾ

ਹੱਡ ਭੰਨ ਕਰੇ ਉਹ ਕਮਾਈ ਹੱਕ ਦੀ
ਆਪਾ ਖੇਤਾਂ ਵਿਚ ਦੇਖੋ ਰੁਲਾਈ ਜਾਂਦਾ
ਗਿਲਾ ਨਹੀਂ ਕੋਈ ਸੈਂਟਰ ਸਰਕਾਰ ਉੱਤੇ
ਉਥੇ ਹਰੇਕ ਗਾਂਧੀ ਦਾ ਚਰਖਾ ਘੁਮਾਈ ਜਾਂਦਾ

ਹਲ ਵਾਲੀ ਹੱਥੀ ਗ਼ੈਰਾਂ ਹੱਥ ਆਈ ਲੱਗੇ
ਫਾਲਾ ਕਿਸਾਨ ਦੀ ਛਾਤੀ ਵਿਚ ਜਾਈ ਜਾਂਦਾ
ਮੇਰੇ ਕਿਰਸਾਨ ਦਾ ਦੁਨੀਆ 'ਚ ਕੀ ਕਹਿਣਾ
ਦੁੱਖਾਂ ਵਿਚ ਵੀ ਢੋਲੇ ਦੀਆਂ ਗਾਈ ਜਾਂਦਾ
ਬੜਾ ਅਫ਼ਸੋਸ ਏ ਦੇਸ਼ ਦਾ ਅੰਨ ਦਾਤਾ
ਜਾਨ ਆਪਣੀ ਆਪ ਗੁਆਈ ਜਾਂਦਾ

•

ਕਵਿਤਾ : *ਡਾ. ਨਵਜੋਤ ਕੌਰ*

## ਯੁੱਧ ਦਾ ਅਹਿਦਨਾਮਾ

ਜਨ ਹਿਤ ਦੇ ਵੈਰੀਆ ਜਾਦੂਗਰਾ
ਅਸਾਂ ਪਛਾਣ ਲਈ ਹੈ ਤੇਰੀ ਹਰ ਚਾਲ
ਤੇਰੀ ਸਾਜ਼ਿਸ਼ ਹੋ ਗਈ ਹੈ ਤਾਰ ਤਾਰ
ਹੱਥ ਦੀ ਸਫ਼ਾਈ ਝੱਟ ਹੋ ਗਈ ਲੰਗਾਰ।

ਤੇਰੀ ਸ਼ਾਤਿਰ ਜ਼ਿਹਨੀਅਤ
ਹੁਣ ਸਮਝ ਗਈ ਲੋਕਾਈ
ਤੂੰ ਕਾਲੇ ਇਲਮ ਦਾ ਮਾਹਿਰ
ਜਿਗਰ ਦੇ ਟੋਟਿਆਂ ਦੇ ਦਰਦ ਤੋਂ ਅਣਜਾਣ
ਘਰਾਂ ਦੇ ਬੁਝਾਵੇਂ ਚਿਰਾਗ਼
ਤੂੰ ਕੀ ਸਮਝੇਂ ਕੀ ਜਾਣੇ।

ਇਹ ਤਾਂ ਰੱਬੀ ਰਹਿਮਤ
ਪੁੱਤ ਸਾਡੇ ਸਹੀ ਸਲਾਮਤ
ਨਾ ਤੇਰਾ ਫਿਰਕਿਆਂ 'ਚ ਵੰਡਣ ਦਾ ਜਾਦੂ
ਸਿਰ ਚੜ੍ਹ ਬੋਲਿਆ
ਨਾ ਖਿੱਤਿਆਂ 'ਚ ਟੁੱਕਣ ਦਾ ਤਲਿਸਮ
ਕਿਸੇ ਨਾ ਕਬੂਲਿਆ
ਤੇਰਾ ਲਾਇਆ ਮਹੁਰੇ ਦਾ ਬੂਟਾ।

ਤੇਰੀ ਹਰ ਗਿਣੀ ਮਿਥੀ ਚਾਲ
ਹੁਣ ਤੀਕ ਰਹੀ ਨਾਕਾਮ
ਆਪਣੇ ਹੀ ਚੱਕਰਵਿਊ 'ਚ
ਕੈਦ ਹੋ ਗਿਆ ਹੈਂ ਬੇਈਮਾਨਾ
ਤੇਰੀ ਹਰ ਫ਼ਰੇਬੀ ਸਾਜ਼ਿਸ਼
ਹੋ ਗਈ ਹੈ ਬੇਨਕਾਬ।

ਨਹੀਂ ਸਾਂ ਨਿਕਲੇ ਦਿੱਲੀ ਘੇਰਨ

ਨਾ ਰਾਜਧਾਨੀ ਫ਼ਤਹਿ ਕਰਨ
ਅਸਾਂ ਨਹੀਂ ਸੀ ਕੀਤਾ ਐਲਾਨ
ਕਿ ਤਖ਼ਤ ਤੇ ਕਬਜ਼ਾ ਕਰਾਂਗੇ।

ਤੇਰੇ ਅੰਦਰ ਹੀ ਬੋਲਦੇ ਸਨ ਪਾਪ
ਘੂਕੀ ਵਿਚ ਹੀ ਤੂੰ
ਅਵਾ ਤਵਾ ਬੋਲਦਾ ਰਿਹਾ ਬੇਲਗਾਮ
ਤੇਰੀ ਬੁਖ਼ਲਾਹਟ 'ਚ ਸ਼ਾਮਿਲ ਸੀ ਤੇਰਾ ਡਰ।

ਤੂੰ ਸਭ ਜਾਣਦਾ ਹੈਂ
ਜਿੱਤ ਚੁੱਕੇ ਹਾਂ ਅਸੀਂ ਕੁੱਲ ਆਲਮ ਦੇ ਦਿਲ
ਇਤਿਹਾਸ ਦੇ ਉਸ ਵਰਕੇ ਦਾ
ਭਾਗ ਬਣ ਗਏ
ਜੋ ਤੂੰ ਕਦੇ ਨਾ ਲਿਖਿਆ ਨਾ ਪੜ੍ਹਿਆ
ਸਿਰਫ਼ ਬੇਗ਼ਾਨਾ ਅਸਬਾਬ ਵੇਚਿਆ।
ਬਾਗ਼ੀ ਨਹੀਂ ਹਾਂ ਅਸੀਂ
ਅਸੀਂ ਤਾਂ ਆਪਣੇ ਗੁਰੂਆਂ ਦੇ
ਹਰ ਹੁਕਮ 'ਤੇ ਫੁੱਲ ਚੜ੍ਹਾਏ
ਭੈ ਕਾਹੂ ਕੋ ਦੇਤਿ ਨਾਹਿ ਨਾ ਭੈ ਮਾਨਤ ਆਨਿ
ਅਸੀਂ ਤਾਂ ਤਿਰੰਗੇ ਤਿੰਨਾਂ ਰੰਗਾਂ 'ਚ
ਡੰਡੇ ਸਮੇਤ ਹਾਜ਼ਰ ਹਾਂ
ਸਾਡੀ ਰੱਤ ਵਿੱਤ ਲਾਲੀ ਤੈਥੋਂ ਕਿਤੇ ਗੂੜ੍ਹੀ

ਠੀਕ ਲੀਹ 'ਤੇ ਸਨ ਸਾਡੇ ਕਦਮ
ਹੱਥਾਂ 'ਚ ਸਨ ਤਿਰੰਗੇ
ਜ਼ੁਬਾਨ 'ਤੇ ਦੇਸ਼ ਭਗਤੀ ਦਾ ਕੌਮੀ ਗਾਨ
ਸਵਾਗਤੀ ਰਾਹਾਂ 'ਚੋਂ ਲੰਘਦੀਆਂ

ਸਾਡੇ ਕਾਫ਼ਲੇ ’ਤੇ ਹੋਈ ਫੁੱਲਾਂ ਦੀ ਬਰਖਾ
ਤੂੰ ਤੇਜ਼ਾਬ ਛਿੜਕਿਆ
ਫੁੱਲ ਲੂਹੇ ਸੁਪਨਿਆਂ ਸਮੇਤ
ਸਦਾ ਵਾਂਗ ਕਹਿਰ ਕੀਤਾ ਬਣ ਪ੍ਰੇਤ।

ਤੈਥੋਂ ਜਰੇ ਨਾ ਗਏ
ਥਾਂ ਥਾਂ ਲੱਗੇ ਸਵਾਗਤੀ ਪਕਵਾਨ
ਮਿੱਥੇ ਰਾਹਾਂ ’ਚ
ਰਾਤੋ ਰਾਤ ਕੰਡਿਆਲੇ ਜੰਗਲ ਬੀਜੇ
ਸਾਡੇ ਤਪਦੇ ਮੱਥਿਆਂ ਤੇ ਛੋਹਲੇ ਕਦਮਾਂ ਨੂੰ
ਲਾਲ ਕਿਲ੍ਹੇ ਵੱਲ ਦਾ ਰਸਤਾ ਖੋਲ੍ਹ
ਅੰਨ੍ਹੀ ਗੁਫ਼ਾ ਵੱਲ ਤੋਰਿਆ।

ਬੇਕਿਰਕ ਹਾਕਮਾ
ਕੀਤਾ ਤੂੰ ਸਾਡੀ ਪਿੱਠ ’ਤੇ ਵਾਰ
ਸ਼ੇਰ ਦੀ ਖੱਲ ਪਾ ਨਿਕਲੇ ਗੱਦਾਰ
ਬਣ ਗਏ ਤੇਰੇ ਹੱਥੀਂ ਹਥਿਆਰ
ਗੁਆਚ ਗਿਆ ਤੇਰਾ ਇਤਬਾਰ
ਖੂਹ ’ਚ ਡੁੱਬ ਮੋਇਆ ਤੇਰਾ ਕੌਮੀ ਕਿਰਦਾਰ
ਗਿੱਦੜ ਕਰਨ ਕਲੋਲਾਂ
ਖਾ ਖਾ ਸ਼ੇਰਾਂ ਦੀ ਮਾਰ
ਸ਼ੁਕਰ ਹੈ ਜਲਦੀ ਨੰਗੇ ਹੋ ਗਏ
ਬਦਨੁਮਾ ਕਾਲੇ ਕਿਰਦਾਰ।

ਅਸੀਂ ਦਿਲ ਨਹੀਂ ਛੱਡਣਾ
ਨਾ ਹੋਣਾ ਭੋਰਾ ਵੀ ਉਦਾਸ
ਹਾਂ ਕਦੇ ਨਹੀਂ ਕਰਨਾ
ਬੇਗ਼ਾਨੇ ਪੁੱਤਾਂ ਦੀਆਂ ਲਾਸ਼ਾਂ ਦਾ ਵਪਾਰ।

ਸਮਝ ਲੈ ਆਖ਼ਰੀ ਗੱਲ
ਸਾਡੇ ਲਈ ਇਹ
ਸੱਥਰਾਂ ਤੋਂ ਬਚਣ ਦਾ ਸ਼ਗਨ ਵੇਲਾ ਹੈ
ਲੋਕ ਵਿਸ਼ਵਾਸ ਪ੍ਰਾਪਤੀ 'ਤੇ ਮਾਣ ਹੈ
ਗ਼ਲਤੀਆਂ ਤੋਂ ਸਬਕ ਦਾ ਸਮਾਂ ਹੈ
ਆਪਸੀ ਏਕਤਾ ਦਾ ਬਚਨ ਨਿਭਾਵਾਂਗੇ
ਨਾ ਡਰੇ ਹਾਂ ਨਾ ਡਰਾਵਾਂਗੇ
ਨਾ ਵਾਪਸ ਮੁੜੇ ਹਾਂ ਨਾ ਪਰਤ ਆਵਾਂਗੇ
ਆਖ਼ਰੀ ਸਾਹ ਤਕ
ਤੈਨੂੰ ਤਰਕ ਸੰਗ ਭਜਾਵਾਂਗੇ
ਇਸ ਅਹਿਦ ਨੂੰ ਵਾਰ ਵਾਰ ਨਿਭਾਵਾਂਗੇ।

•

## ਕਲਮਾਂ ਦੇ ਕਾਫ਼ਲੇ

ਜਿਉਂਦੀਆਂ ਜਾਗਦੀਆਂ
ਕਲਮਾਂ ਦੇ ਕਾਫ਼ਲੇ
ਬੰਨ੍ਹ ਸਿਰਾਂ ’ਤੇ ਕਫ਼ਨ
ਨਿਕਲੇ ਆਪਣੇ
ਪਿੰਡਾਂ ਤੇ ਸ਼ਹਿਰਾਂ ਦੀਆਂ
ਗਲੀਆਂ ’ਚੋਂ

ਸ਼ਰੇਆਮ
ਦਹਾੜਦੀਆਂ ਤੇ ਲਲਕਾਰਦੀਆਂ
ਹਰ ਜੂਹ ’ਚੋਂ ਦੀ ਗੁਜ਼ਰਦਿਆਂ
ਧਰਤੀ ਦੇ ਹਰ
ਜ਼ਰੇ-ਜ਼ਰੇ ਨੂੰ ਆਪਣੇ
ਹੱਕਾਂ ਦੀ ਆਵਾਜ਼
ਸੁਣਾਉਂਦੀਆਂ
ਸਰਬੱਤ ਦਾ ਭਲਾ ਮੰਗਦਿਆਂ
ਸ਼ਾਂਤਮਈ ਮੋਰਚੇ ਲਾਉਣ
ਦੁਸ਼ਮਣ ਦੀ ਹਿੱਕ ਦੇ ਉੱਪਰ
ਆਪਣੇ ਖ਼ੂਨ ਦੀ
ਸਿਆਹੀ ਨਾਲ ਲਿਖਣ ਤੁਰੀਆਂ
ਆਪਣੀ ਇਕ ਬੇਮਿਸਾਲ ਕਹਾਣੀ
ਇਤਿਹਾਸ ਦੇ ਸੁਨਹਿਰੀ ਪੰਨਿਆਂ ’ਤੇ
ਜਿਉਂਦੀਆਂ ਜਾਗਦੀਆਂ
ਕਲਮਾਂ

ਕੋਈ ਇੰਜ ਕਿਵੇਂ
ਖੋਹ ਸਕਦਾ ਹੈ
ਉਨ੍ਹਾਂ ਦੇ

ਬਣਦੇ ਹੱਕਾਂ ਤੇ ਸੁੱਚੀ ਕਿਰਤ ਨੂੰ
ਇਹ ਤਾਂ
ਉਹ ਕਲਮਾਂ ਨੇ
ਜੋ ਸਿਰ ਕਲਮ ਕਰਾਉਣ ਨੂੰ
ਤਿਆਰ ਬਰ ਤਿਆਰ ਬੈਠੀਆਂ ਨੇ

ਸੀਨਾ ਤਾਣੀ
ਵੰਗਾਰਦੀਆਂ ਪਈਆਂ ਨੇ
ਅੰਨ੍ਹੀ ਬੋਲੀ ਤੇ ਜ਼ਾਲਮ ਹਕੂਮਤ ਨੂੰ

ਉਹ ਉਨ੍ਹਾਂ ਦੇ ਰਸਤਿਆਂ ਮੋਹਰੇ
ਟੋਏ ਕੱਢ ਤੇ ਟਿੱਬੇ ਬਣਾ ਕੇ
ਹੌਸਲੇ ਤੋੜਨ ਦੀ ਕੋਸ਼ਿਸ਼ ਤਾਂ
ਕਰ ਸਕਦੀ ਹੈ
ਪਰ ਉਨ੍ਹਾਂ ਦੇ ਜਜ਼ਬਿਆਂ ਦਾ
ਕਤਲ ਨਹੀਂ ਕਰ ਸਕਦੀ

ਪਾਣੀ ਦੀਆਂ ਬੁਛਾੜਾਂ ਮਾਰ ਕੇ
ਉਨ੍ਹਾਂ ਦੇ ਉਬਾਲੇ ਖਾਂਦੇ
ਖ਼ੂਨ ਦੀ ਜਵਾਲਾ ਨੂੰ ਠੰਡਾ
ਨਹੀਂ ਕਰ ਸਕਦੀ

ਜਿਉਂਦੀਆਂ ਜਾਗਦੀਆਂ ਕਲਮਾਂ
ਹਨੇਰੀਆਂ ਰਾਤਾਂ ਨੂੰ ਚੀਰਦੀਆਂ
ਠੰਡ ਨੂੰ ਸਹਿੰਦੀਆਂ
ਮੀਂਹ ਵਿਚ ਭਿੱਜਦੀਆਂ
ਹਰ ਰੋਜ਼—ਹਰ ਪਲ
ਇਕ ਨਵੀਂ ਇਬਾਰਤ
ਲਿਖ ਰਹੀਆਂ ਨੇ

•

ਕਵਿਤਾ : *ਗੁਰਬਾਜ ਸਿੰਘ ਛੀਨਾ*

## ਕਬਜ਼ਾ

ਸਾਡਾ ਸਭ ਕੁਝ ਲੁੱਟ ਪੁੱਟ ਕੇ
ਉਹ ਆਪਣਾ ਘਰ ਭਰਨਾ ਚਾਹੁੰਦੇ
ਉਹ ਸਭ ਕੁਝ ਕਬਜ਼ੇ ਕਰਨਾ ਚਾਹੁੰਦੇ
ਉਹ ਸਭ ਕੁਝ ਕਬਜ਼ੇ ਕਰਨਾ ਚਾਹੁੰਦਾ।

ਸਾਡੀਆਂ ਰੇਤਾਂ ਉੱਤੇ ਕਬਜ਼ਾ
ਸਾਡਿਆਂ ਖੇਤਾਂ ਉੱਤੇ ਕਬਜ਼ਾ
ਸਾਡੀਆਂ ਚੀਜ਼ਾਂ ਉੱਤੇ ਕਬਜ਼ਾ
ਸਾਡੀਆਂ ਰੀਝਾਂ ਉੱਤੇ ਕਬਜ਼ਾ
ਸਾਡੇ ਮਨ ਮਸਤਕ ਦੇ ਅੰਦਰ ਉਹ
ਆਪਣਾ ਡਰ ਭਰਨਾ ਚਾਹੁੰਦੇ
ਉਹ ਸਭ ਕੁਝ ਕਬਜ਼ੇ ਕਰਨਾ ਚਾਹੁੰਦੇ...

ਸਾਡੇ ਦੁੱਧ ਦੇ ਉੱਤੇ ਕਬਜ਼ਾ
ਸਾਡੀ ਬੁਧ ਦੇ ਉੱਤੇ ਕਬਜ਼ਾ
ਸਾਡੇ ਕੰਮ ਦੇ ਉੱਤੇ ਕਬਜ਼ਾ
ਸਾਡੇ ਚੰਮ ਦੇ ਉੱਤੇ ਕਬਜ਼ਾ
ਸਾਡੇ ਮੁੜ੍ਹਕੇ ਦਾ ਮੁੱਲ ਵੱਟ ਕੇ
ਉਹ ਸਾਰਾ ਕੁਝ ਚਰਨਾ ਚਾਹੁੰਦੇ।
ਉਹ ਸਭ ਕੁਝ ਕਬਜ਼ੇ ਕਰਨਾ ਚਾਹੁੰਦੇ...

ਸਭ ਦੁਕਾਨਾਂ ਉੱਤੇ ਕਬਜ਼ਾ
ਸਾਰੀਆਂ ਖਾਨਾਂ ਉੱਤੇ ਕਬਜ਼ਾ
ਸਾਰੇ ਕਰਮਾਂ ਉੱਤੇ ਕਬਜ਼ਾ
ਸਾਰਿਆਂ ਧਰਮਾਂ ਉੱਤੇ ਕਬਜ਼ਾ
ਉਹ ਰੰਗ ਬਿਰੰਗੇ ਫੁੱਲਾਂ ਉੱਤੇ
ਬਸ ਭੰਗਵਾਂ ਰੰਗ ਭਰਨਾ ਚਾਹੁੰਦੇ।
ਉਹ ਸਭ ਕੁਝ ਕਬਜ਼ੇ ਕਰਨਾ ਚਾਹੁੰਦੇ...

ਧਰਮਾਂ ਵਾਲਾ ਜਾਲ ਫੈਲਾ ਕੇ
ਕਾਰਪੋਰੇਟ ਦੇਸ਼ ਨੂੰ ਖਾ ਗਏ
ਉੱਚੀਆਂ ਮੂਰਤੀਆਂ ਤੇ ਅੰਦਰ
ਕੁਝ ਨਹੀਂ ਬਚਿਆ ਦੇਸ਼ ਦੇ ਅੰਦਰ
ਗੁੰਡਿਆਂ ਦੇ ਹੱਥ ਤਾਕਤ ਆਈ
ਨਫ਼ਰਤ ਜਾਂਦੇ ਰੋਜ਼ ਫੈਲਾਈ
ਉਹ ਲੋਕਾਂ ਵਿਚ ਵੰਡੀ ਪਾ ਕੇ
ਨਾ ਕੋਈ ਜਲਸਾ ਧਰਨਾ ਚਾਹੁੰਦੇ।
ਉਹ ਸਭ ਕੁਝ ਕਬਜ਼ੇ ਕਰਨਾ ਚਾਹੁੰਦੇ...

ਸਾਡੇ ਸਿਰ ਕਈ ਝੱਖੜ ਝੁੱਲੇ
ਪਰ ਉਹ ਸਾਡੇ ਇਤਿਹਾਸ ਨੂੰ ਭੁੱਲੇ
ਸਾਡੀ ਹਿੰਮਤ ਦੇ ਵਿਚ ਤਾਕਤ
ਸਾਡੇ ਏਕੇ ਦੇ ਵਿਚ ਬਰਕਤ
ਭਾਵੇਂ ਉਹ ਤਾਕਤਵਰ ਭਾਰੇ
ਪਰ ਇਕ ਗੱਲ ਤੋਂ ਅਸੀਂ ਨਿਆਰੇ
ਸਾਡੇ ਸਿਰ ’ਤੇ ਕਫ਼ਨ ਬੱਝੇ
ਪਰ ਉਹ ਕਦੇ ਨਹੀਂ ਮਰਨਾ ਚਾਹੁੰਦੇ
ਉਹ ਸਭ ਕੁਝ ਕਬਜ਼ੇ ਕਰਨਾ ਚਾਹੁੰਦੇ।

•

# ਵਿਚ ਝੋਲੇ ਦੇ ਕਫ਼ਨ ਹੈ ਜਿਸ ਦੇ

ਵਿਚ ਝੋਲੇ ਦੇ ਕਫ਼ਨ ਹੈ ਜਿਸ ਦੇ
ਉਸ ਨੂੰ ਕੋਈ ਡਰਾ ਨੀਂ ਸਕਦਾ।
ਕਿੰਨੇ ਜਾਬਰ ਆ ਕੇ ਤੁਰਗੇ
ਤੈਨੂੰ ਕੋਈ ਹਰਾ ਨੀਂ ਸਕਦਾ।

ਮੁੱਢ ਕਦੀਮੋਂ ਖਾਰ ਹੈ ਖਾਂਦੀ
ਨਾਲ ਤੇਰੇ ਪੰਜਾਬ ਸਿਆਂ।
ਇਹ ਜੁੱਤੀਆਂ ਦੀ ਯਾਰ ਹੈ ਦਿੱਲੀ
ਇਹਨੂੰ ਕੋਈ ਸਮਝਾ ਨੀਂ ਸਕਦਾ।

ਤੇਰੇ ਵੱਡ ਵਡੇਰਿਆਂ ਇਸ ਨੂੰ
ਨੱਕੋਂ ਚਣੇ ਚਬਾਤੇ ਸੀ।
ਲਾਲ ਕਿਲ੍ਹੇ ਦਾ ਚੱਪਾ ਚੱਪਾ
ਭੁੱਲ ਕੇ ਗੱਲ ਭੁਲਾ ਨੀਂ ਸਕਦਾ।

ਖ਼ੂਨ ਤੇਰੇ ਦੀ ਖ਼ਸਲਤ ਤੇਰੀ
ਜ਼ੁਲਮ ਨਾ ਕਰਨਾ ਨਾ ਹੀ ਸਹਿਣਾ।
ਸ਼ਾਨਾਮੱਤੇ ਕੇਸਰੀ ਪਰਚਮ
ਜਾਬਰ ਕੋਈ ਝੁਕਾ ਨੀਂ ਸਕਦਾ।

•

# ਯੁੱਗ ਪੁਰਸ਼ ਕਦੇ ਮਰਦੇ ਨਹੀਂ ਹੁੰਦੇ

ਜਦੋਂ ਜਦੋਂ ਵੀ ਕਾਮਿਆਂ ਕਿਸਾਨਾਂ ਦੀ
ਕਿਰਤ ਦੀ ਲੁੱਟ ਤੇਜ਼ ਹੁੰਦੀ ਹੈ
ਲੋਕਾਂ ਵਿਚ ਸੁੱਤਾ
ਕਾਮਾ ਕਿਸਾਨ ਬਾਬਾ ਨਾਨਕ ਜਾਗ ਪੈਂਦਾ ਹੈ
ਮਾਰਕਸ ਉੱਠ ਪੈਂਦਾ ਹੈ...

ਕਦੇ ਧਰਤੀ ਦੇ ਪੁੱਤਰਾਂ ਦੀ
ਪਗੜੀ ਸੰਭਾਲਣ ਲਈ
ਬਾਰ ਵਿਚ ਅੰਗਰੇਜ਼ਾਂ ਨਾਲ
ਮੱਥਾ ਲਾ ਲੈਂਦਾ ਹੈ
ਕਦੇ ਮੁਜਾਰਿਆਂ ਦੀਆਂ ਜ਼ਮੀਨਾਂ ਲਈ
ਘੋਲ ਕਰਦਾ ਹੈ
ਕਦੇ ਵਿਸ਼ਵ-ਵਪਾਰੀਆਂ ਖ਼ਿਲਾਫ਼
ਦਿੱਲੀ ਹਿਲਾ ਦਿੰਦਾ ਹੈ...

ਕੌਣ ਕਹਿੰਦਾ ਹੈ—
ਬਾਬਾ ਨਾਨਕ ਜ਼ਿੰਦਾ ਨਹੀਂ ਹੈ
ਮਾਰਕਸ ਮਰ ਗਿਆ ਹੈ

ਯੁੱਗ ਪੁਰਸ਼ ਜੰਮਦੇ ਨੇ
ਕਦੇ ਵੀ ਮਰਦੇ ਨਹੀਂ ਹੁੰਦੇ

ਉਹ ਲੋਕਾਂ ਵਿਚ ਹੀ ਜੀਂਦੇ ਨੇ
ਹਰ ਔਖੀ ਘੜੀ ਉਨ੍ਹਾਂ ਦੇ ਅੰਗ ਸੰਗ ਹੁੰਦੇ ਨੇ...

•

## ਹਾਕਮਾਂ ਵੱਲੋਂ ਠੋਕੇ ਜਾ ਰਹੇ ਕਿੱਲ

ਜੀ ਹਾਂ
ਹਾਕਮਾਂ ਵੱਲੋਂ ਠੋਕੇ ਜਾ ਰਹੇ ਨੇ ਕਿੱਲ
ਧਰਤੀ ਮਾਂ ਦੀ ਹਿੱਕ ਵਿਚ
ਤੁਹਾਡੀਆਂ ਸੱਚ ਬੋਲਦੀਆਂ ਜੀਭਾਂ ਵਿਚ
ਅੰਗਾਰਿਆਂ ਵਾਂਗ ਦਗਦੀਆਂ ਅੱਖਾਂ ਵਿਚ
ਦਿੱਲੀ ਨੂੰ ਜਾ ਰਹੇ ਪੈਰਾਂ ਦੀਆਂ ਤਲੀਆਂ ਵਿਚ
ਹਾਕਮਾਂ ਸਾਹਮਣੇ ਨਾ ਟਿਕਣ ਵਾਲੇ ਗੋਡਿਆਂ ਵਿਚ
ਤੁਹਾਡੇ ਮੋਢਿਆਂ ਵਿਚ

ਤੁਹਾਡੀਆਂ ਨਾ ਝੁਕਣ ਵਾਲੀਆਂ ਧੌਣਾਂ ਵਿਚ
ਤੁਹਾਡੀ ਰੋਟੀ ਵਿਚ
ਤੁਹਾਡੇ ਖੇਤਾਂ ਵਿਚ
ਤੁਹਾਡੇ ਗਰਜਦੇ ਬੋਲਾਂ ਵਿਚ
ਤੁਹਾਡੇ ਪੁਰਖਿਆਂ ਦੀਆਂ ਕੁਰਬਾਨੀਆਂ ਵਿਚ
ਤੁਹਾਡੀਆਂ ਸੋਚਾਂ ਵਿਚ
ਹਾਕਮਾਂ ਵੱਲੋਂ ਠੋਕੇ ਜਾ ਰਹੇ ਨੇ ਕਿੱਲ

ਪਰ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ
ਕਿ ਹਾਕਮਾਂ ਦੇ ਇਹ ਕਿੱਲ ਤੁਹਾਡੇ ਰਾਹ ਨਹੀਂ ਰੋਕ ਸਕਣਗੇ
ਹਾਕਮ ਸ਼ਾਇਦ ਇਹ ਨਹੀਂ ਜਾਣਦਾ ਕਿ
ਸ਼ੂਕਦੇ ਦਰਿਆਵਾਂ ਦੇ ਵਹਿਣ ਨੂੰ ਰੋਕਣਾ ਸੁਖਾਲਾ ਨਹੀਂ ਹੁੰਦਾ

ਤੁਸੀਂ ਚੱਲਦੇ ਰਹੋ ਹਾਥੀਆਂ ਵਾਲੀ ਮਸਤ ਚਾਲ
ਜਿੱਤ ਤੁਹਾਡੇ ਕਦਮਾਂ ਵਿਚ ਹੋਵੇਗੀ
ਮੇਰੇ ਦੇਸ਼ ਦੇ ਅੰਨਦਾਤਿਓ ! ਇਨ੍ਹਾਂ ਕਿੱਲਾਂ ਦੀ ਪਰਵਾਹ ਨਾ ਕਰਿਓ
ਨਹੀਂ ਤਾਂ ਹਾਰ ਜਾਓਗੇ
ਇਕ ਹਾਰੇ ਹੋਏ, ਮਰੀ ਹੋਈ ਜਮੀਰ ਵਾਲੇ ਹਾਕਮ ਕੋਲੋਂ
•

## ਜਾਗ ਵੇ ਕਿਰਤੀਆ

ਸਾਉਣ ਦੀਆਂ ਘਟਾਵਾਂ ਦੀ
ਸ਼ੋਖੀ ਵੇਖ ਕੇ
ਤੇਰੇ ਚਿਹਰੇ ’ਤੇ ਵਾਹਵਾ
ਸਰੂਰ ਆ ਜਾਂਦਾ
ਵੇਖ ਫ਼ਸਲਾਂ ਦੀ ਜਵਾਨੀ
ਰੂਹ ਨੂੰ ਗਰੂਰ ਆ ਜਾਂਦਾ

ਵੇ ਅੰਨ ਦਾਤਿਆ !
ਕਿੰਨੀ ਅਨੋਖੀ ਏ ਖ਼ੁਸ਼ੀ ਤੇਰੀ
ਕੋਮਲ ਨੇ ਅਹਿਸਾਸ ਤੇਰੇ
ਫੁੱਲਾਂ ਦੀਆਂ ਮਹਿਕਾਂ ਵਰਗੇ
ਤ੍ਰੇਲ ਦੇ ਤੁਪਕਿਆਂ ਵਰਗੇ
ਕਣੀ ਕਣੀ ਮੀਂਹ ਦੀ
ਧੋਂਦੀ ਚੌਲਾਂ ਦੇ ਬੂਟਿਆਂ ਨੂੰ
ਤ੍ਰਿਪਤ ਹੋ ਜਾਵੇ ਤੇਰੀ ਵੀ ਪਿਆਸ

ਏਹੋ ਕਣੀਆਂ
ਜੇ ਕੁਵੇਲੇ ਆ ਜਾਵਣ
ਸੱਧਰਾਂ ਡਿਕੋ ਡੋਲੇ ਖਾਵਣ
ਮੌਸਮ ’ਚ ਸਰੂਰ
ਪਰ ਪੀੜਾਂ ਵਿੰਨ੍ਹੀ ਤੇਰੀ ਖ਼ਾਮੋਸ਼ੀ
ਤੌਖ਼ਲੇ ਤੇ ਵੀਰਾਨਤਾ
ਤੇਰੀ ਤੱਕਣੀ ’ਚ

ਕਿੰਨਾ ਭੋਲਾ ਏਂ ਤੂੰ
ਪਰ ਅੰਦਰ ਤੇਰੇ ਰੌਲਾ
ਹਸਤੀ ਮਿਟਾ ਦੇਵੇ ਤੇਰੀ
ਤੇਰੇ ਅੰਦਰਲਾ ਸ਼ੋਰ

ਰਲ ਮਿਲ ਗੱਲਾਂ ਹੋਵਣ
ਡਾਹਢੇ ਅੱਗੇ ਕਿਸ ਦਾ ਜ਼ੋਰ

ਤੇਰੇ ਮਿੱਟੀ ਰੰਗੇ ਬਸਤਰਾਂ
ਤੇ ਸ਼ਹਿਨਸ਼ਾਹੀ ਦਿਲ ਦੀ ਕਦਰ ਨਹੀਂ
ਚਿੱਟ-ਕਪੜੀਏ, ਨਾਹਰੇਬਾਜ਼ਾਂ ਨੂੰ
ਪਲ ਪਲ ਰੰਗ ਬਦਲਦੇ ਸੌਦੇਬਾਜ਼ਾਂ ਨੂੰ

ਉੱਠ ਜਾਗ ਵੇ ਕਿਰਤੀਆ !
ਆਪਣਾ ਆਪ ਸੰਭਾਲ
ਐਵੇਂ ਨਾ ਕਮਜ਼ੋਰੀ ਉਛਾਲ
ਭਾਵੇਂ ਫੁੱਲਾਂ ਵਰਗੇ ਅਹਿਸਾਸ ਤੇਰੇ
ਪਰ ਜੇਰਾ ਤੇਰਾ ਪਰਬਤਾਂ ਜਿਹਾ
ਸਮਿਆਂ ਨਾਲ ਲੋਹਾ ਲੈਣ ਵਾਲਿਆ
ਤੈਨੂੰ ਮਾਲਾ ਫੇਰਨ ਦੀ ਲੋੜ ਨਹੀਂ
ਨਾ ਰੱਸਿਆ ਦੀ ਮਾਲਾ ਗਲ 'ਚ ਪਾਉਣ ਦੀ
ਨਾ ਰੇਹਾਂ ਸਪਰੇਆਂ ਪੀਣ ਦੀ

ਸਿਰਫ਼ ਲੋੜ ਹੈ ਜੀਣ ਦੀ
ਟੇਢੇ ਰਾਹਾਂ 'ਤੇ ਮੜਕ ਨਾਲ ਲੰਘ ਜਾਣ ਦੀ

•

ਕਵਿਤਾ : *ਮਨਦੀਪ ਔਲਖ*

## ਕਿਸਾਨ ਦੇ ਹੰਝੂਆਂ ਦੇ ਨਾਮ

ਇਤਿਹਾਸ ਗਵਾਹ ਹੈ
ਜਦੋਂ ਵੀ ਕਿਸਾਨ ਦੀ ਅੱਖ ਰੋਈ
ਸਰ੍ਹੋਂਆਂ 'ਤੇ ਛਾਂ ਜਾਂਦੀ ਹੈ ਗੂੜ੍ਹੀ ਪਿਲੱਤਣ
ਖੇਤ ਵਿਚ ਹੀ ਢਹਿ ਜਾਂਦੀ ਹੈ ਕਣਕ
ਹਾਰੀ ਫ਼ੌਜ ਦੇ ਝੰਡਿਆਂ ਵਾਂਗ
ਵੇਲ੍ਹਣੇ ਵਿਚ ਪੀੜੇ ਜਾਂਦੇ ਗੰਨੇ
ਪੀੜ ਨਾਲ ਕਰਾਹੁੰਦੇ ਲੱਗਦੇ ਨੇ
ਰੁਕ ਜਾਂਦਾ ਹੈ ਖਾਲ ਵਿਚ ਵਗਦਾ ਪਾਣੀ
ਸ਼ਾਮਾਂ ਲਹੂ ਰੰਗੀਆਂ ਤੇ ਸਵੇਰਾਂ ਸੋਗੀ ਜਾਪਦੀਆਂ
ਕਿਸਾਨ ਦਾ ਰੋਣਾ
ਕੁਦਰਤ ਨਾਲ ਸਭ ਤੋਂ ਵੱਡਾ ਵਿਸਾਹਘਾਤ ਹੁੰਦੈ

ਫਿਰ ਕਿਸਾਨ ਦੀ ਅੱਖ ਰੋਈ ਹੈ
ਸੰਸਦ ਦੀਆਂ ਕੁਰਸੀਆਂ 'ਤੇ ਬੈਠੇ
ਮੇਜ਼ ਕੁੱਟਦੇ ਪੰਜ ਸੌ ਚਾਲੀ ਪਰਜੀਵੀਆਂ ਦੇ
ਹਾਸੇ ਉੱਚੇ ਹੋਏ ਹਨ
ਉਦਾਸ ਹੋਇਆ ਹੈ ਸੱਜੇ ਪਾਸੇ ਝੁਕਿਆ ਤਿਰੰਗਾ

ਕਈ ਨਿਖਰੇ ਦਿਨਾਂ ਬਾਅਦ
ਅੱਜ ਸਵੇਰੇ ਫਿਰ ਬੜੀ ਧੁੰਦ ਹੈ

•

## ਡਰ

ਮਨ 'ਚੋਂ ਡਰ ਨੂੰ ਕੱਢ ਕੇ ਤੂੰ
ਆ ਖੜ੍ਹ ਜਾ ਰਹਿਬਰ ਪਿਆਰੇ ਨਾਲ।
ਚੱਲ ਛੱਡ ਦੇ ਝੱਲਿਆ ਭਗਤਪੁਣਾ
ਤੇ ਆ ਰਲ ਜਾ ਮੁਲਕ ਸਾਰੇ ਨਾਲ।

ਇਹ ਕੰਮੀ ਕਿਰਤੀ ਜੋਟਾ ਏ
ਨਾ ਸਮਝੀ ਸਿੱਕਾ ਖੋਟਾ ਏ
ਇਹਨੂੰ ਕੀ ਦਿੱਤਾ ਕਦੀ ਮਹਿਲਾਂ ਨੇ ?
ਇਹ ਤੁਰਦਾ ਸਾਂਝ ਸਹਾਰੇ ਨਾਲ।

ਤੇਰੀ ਸੰਗਤ ਜਿਹੜੇ ਟੋਲੇ ਨਾਲ
ਸਾਨੂੰ ਫ਼ਰਕ ਨਾ ਤੇਰੇ ਬੋਲੇ ਨਾਲ
ਹੁਣ ਦੁਨੀਆਂ ਨਾ ਭਰਮਾ ਹੋਣੀ
ਤੈਥੋਂ ਵਿਗੜੇ ਹੋਏ ਨਾਅਰੇ ਨਾਲ।

ਸਾਥੋਂ ਦੂਰ ਕਦੋਂ ਤੋਂ ਦਿੱਲੀ ਸੀ ?
ਸਾਡੇ ਇਕ 'ਬੋਲੇ' 'ਤੇ ਹਿੱਲੀ ਸੀ।
ਹੁਣ ਮੰਦਰ-ਮਸਜਿਦ ਇਕ ਹੋਏ
ਤੇ ਰਲ ਬੈਠੇ ਗੁਰਦੁਆਰੇ ਨਾਲ।

•

## ਰੋਹ ਜਾਗਿਆ ਅੱਜ ਕਿਸਾਨ ਦਾ ਏ

ਬਿਨਾਂ ਚਰਚਾ ਬਿੱਲਾਂ ’ਤੇ ਮੋਹਰ ਲਾਈ
ਹਾਕਮ ਬਣ ਗਿਆ ਰੂਪ ਸ਼ੈਤਾਨ ਦਾ ਏ।
ਕਿਸਾਨ ਮਾਰੂ ਬਿੱਲ ਜੋ ਪਾਸ ਕੀਤੇ,
ਪਰਚਾ ਆ ਗਿਆ ਕਹਿੰਦੇ ਫ਼ੁਰਮਾਨ ਦਾ ਏ।
ਕਦੋਂ ਤਕ ਵਿਚਾਰਾ ਇਹ ਚੁੱਪ ਬੈਠੇ,
ਰੋਹ ਜਾਗਿਆ ਅੱਜ ਕਿਸਾਨ ਦਾ ਏ।

ਜਿਸਨੇ ਦੇਸ਼ ਦੇ ਮੂੰਹ ’ਚ ਪਾਈ ਰੋਟੀ,
ਗਲਾ ਘੁੱਟਿਆ ਇਸ ਦੇ ਅਰਮਾਨ ਦਾ ਏ।
ਲੋੜ ਪਈ ਸਰਹੱਦ ’ਤੇ ਪੁੱਤ ਭੇਜੇ,
ਮੁੱਲ ਤਾਰਿਆ ਵੇਖੋ ਬਲੀਦਾਨ ਦਾ ਏ।

ਕਿਹੜੀ ਤਾਕਤ ਇਨ੍ਹਾਂ ਵਿਚ ਜੋਸ਼ ਭਰਦੀ
ਬਣਿਆ ਪ੍ਰਸ਼ਨ ਇਹ ਹਰ ਜ਼ੁਬਾਨ ਦਾ ਏ।
ਮਿੱਟੀ ਵਿਚੋਂ ਜੋ ਪੈਦਾ ਕਰੇ ਸੋਨਾ
ਭੇਦ ਪੈਂਦਾ ਨਾ ਉਹਦੇ ਗਿਆਨ ਦਾ ਏ।
ਪਰਉਪਕਾਰੀ ਇਹ ਸੋਚਦਾ ਜੱਗ ਦਾ ਦਾ ਹੀ
ਕਦੇ ਸੋਚਿਆ ਨਾ ਸੰਤਾਨ ਦਾ ਏ।

ਹਾਕਮ ਉਸ ਨੂੰ ਮਾਰਨ ਦੀ ਠਾਣ ਬੈਠਾ,
ਅੰਨ-ਦਾਤਾ ਜੋ ਕੁੱਲ ਜਹਾਨ ਦਾ ਏ।
ਨੰਗੇ ਧੜ ਹੋ ਹੱਕਾਂ ਲਈ ਲੜੇ ਜਿਹੜਾ,
ਮਸਲਾ ਛੇੜਿਆ ਓਸ ਬਲਵਾਨ ਦਾ ਏ।
ਮੁਕਤੀ ਹੋਣੀ ਨਹੀਂ ਜਿਸ ਤੋਂ ਬਿਨਾਂ ਥੋਡੀ,
ਅੰਨ-ਦਾਤਾ ਤਾਂ ਰੂਪ ਭਗਵਾਨ ਦਾ ਏ।

ਕਹਿੰਦਾ ਭਲਾ ਪਰ ਬੁਰਾ ਹੀ ਕਰੇ ਦਿੱਲੀ,
ਸਾਨੂੰ ਦੁੱਖ ਹੀ ਇਸ ਬਿਆਨ ਦਾ ਏ।

ਕਰਨੀ ਪਰਜਾ ਦੀ ਰਾਖੀ ਸੀ ਪਰ ਇਥੇ,
ਹੁਕਮ ਚਲਦਾ ਵੇਖੋ ਦਰਬਾਨ ਦਾ ਏ।
ਇਕੱਠੇ ਹੋ ਕੇ ਜਦ ਤੁਰੋ ਤਾਂ ਕੌਣ ਠੱਲ੍ਹੇ
ਕਿਸਨੇ ਰੋਕਿਆ ਰਾਹ ਤੂਫ਼ਾਨ ਦਾ ਏ।

ਸੱਚੇ ਦਿਲੋਂ ਕਿਸਾਨ ਦਾ ਸਾਥ ਦੇਈਏ,
ਖ਼ਤਰਾ ਆਉਣ ਵਾਲੇ ਨੁਕਸਾਨ ਦਾ ਏ।
ਕਦੋਂ ਤਕ ਵਿਚਾਰਾ ਇਹ ਚੁੱਪ ਬੈਠੇ,
ਰੋਹ ਜਾਗਿਆ ਅੱਜ ਕਿਸਾਨ ਦਾ ਏ

•

## ਪੰਜਾ

ਚੋਟੀ ’ਤੇ ਚੜ੍ਹੇ
ਵਲੀ ਕੰਧਾਰੀ ਨੂੰ
ਹਰ ਵਾਰ
ਕਿਉਂ ਭੁੱਲ ਜਾਂਦਾ ਹੈ
ਕਿ ਉਸਦਾ
ਵੱਡੇ ਤੋਂ ਵੱਡਾ ਪੱਥਰ
ਰੋਕਣ ਲਈ
ਇਕ ‘ਪੰਜਾ’ ਹੀ ਕਾਫ਼ੀ ਹੈ

•

ਕਵਿਤਾ : *ਸੁਰਿੰਦਰ ਸਿੰਘ ਚੋਹਕਾ*

## ਸੁਣ ਲੈ ਹਾਕਮਾਂ ਕੰਨ ਖੋਲ੍ਹ ਕੇ

ਸਾਡੇ ਬੱਚਿਆਂ ਦੇ ਮੂੰਹੋਂ ਖੋਲ੍ਹ ਕੇ
ਫੈਦਾ ਕਰੇਂ ਅੰਬਾਨੀ ਦਾ।
ਸਮਝੀਂ ਨਾ ਕਿ ਪਤਾ ਨਹੀਂ ਲੱਗਿਆ,
ਤੇਰੀ ਕਾਰਸਤਾਨੀ ਦਾ।

ਤੂੰ ਕਾਹਦਾ ਹਾਕਮ ਹੈਂ ਜਿਸ ਨੂੰ,
ਸੋਝੀ ਨਹੀਂ ਇਤਿਹਾਸ ਦੀ ਹੈ।
ਆਪਾਂ ਤਾਂ ਮੂੰਹ ਮੋੜ ਦਿੱਤਾ ਸੀ,
ਅਬਦਾਲੀ ਤੇ ਦੁੱਰਾਨੀ ਦਾ।

ਸਾਡਾ ਤਾਂ ਇਤਿਹਾਸ ਹੀ ਐਸਾ,
ਬਾਬੇ ਖੰਡਾ ਫੜ ਕੇ ਲੜਦੇ,
ਰੁਕ ਜਾ ਜਰਾ ਜੇ ਜੋਸ਼ ਪਰਖਣਾ,
ਸਾਡੀ ਏਸ ਜਵਾਨੀ ਦਾ।

ਗੋਬਿੰਦ ਦੀ ਸ਼ਮਸ਼ੀਰ ਦੀ ਲਿਸ਼ਕ ਤਾਂ
ਔਰੰਗਾ ਨਾ ਜਰ ਸਕਿਆ,
ਸਾਹਮਣਾ ਹੀ ਨਹੀਂ ਕਰ ਸਕਨਾ ਏਂ
ਤੂੰ ਨਾਨਕ ਦੀ ਕਾਨੀ ਦਾ।

ਲੋਕਾਂ ਦੀ ਨਫ਼ਰਤ ਦਾ ਪਾਤਰ,
ਤੇਰੇ ਮੂੰਹ ’ਤੇ ਥੁੱਕਦੇ ਲੋਕ,
ਕਿਸਾਨਾਂ ਹੀ ਜੇਤੂ ਹੋਣਾ
ਇਸ ਸੰਘਰਸ਼ ਲਾਸਾਨੀ ਦਾ।

ਵਿਚ ਜਹਾਜ਼ਾਂ ਚੜ੍ਹ ਕੇ ਭਾਵੇਂ,
ਸਾਰੀ ਦੁਨੀਆ ਘੁੰਮ ਆਵੇਂ,

ਪਰ ਕਦੇ ਸਤਿਕਾਰ ਨਹੀਂ ਹੋਣਾ,
ਤੈਂ ਮੂਰਖ ਅਗਿਆਨੀ ਦਾ।

ਜ਼ਾਲਮ, ਜਾਬਰ ਕਦੇ ਵੀ ਜਿਉਂਦੇ,
ਰਹਿੰਦੇ ਨਾ ਇਤਿਹਾਸ ਅੰਦਰ
'ਚੋਹਕੇ' ਸਦਾ ਹੀ ਮੁੱਲ ਪੈਂਦਾ ਹੈ
ਲੋਕਾਂ ਦੀ ਕੁਰਬਾਨੀ ਦਾ।

•

ਕਵਿਤਾ : *ਗੁਰਪ੍ਰੀਤ ਬੋੜ੍ਹਾਵਾਲ*

# ਹਾਕਮ ਨੇ

ਹਾਕਮ ਨੇ
ਹੱਕ ਮੰਗਦੇ
ਨਿਮਾਣਿਆਂ
ਨਿਤਾਣਿਆਂ
ਲਿਤਾੜਿਆਂ 'ਤੇ
ਪੱਥਰ ਵਰ੍ਹਾਏ

ਨਿਮਾਣਿਆਂ
ਨਿਤਾਣਿਆਂ
ਲਿਤਾੜਿਆਂ ਨੇ
ਪੱਥਰਾਂ ਨੂੰ ਚੁੱਕ
ਚੁੱਲ੍ਹੇ ਬਣਾ ਲਏ

ਚੁੱਲ੍ਹੇ ਦੀ ਅੱਗ ਵੇਖ
ਹਾਕਮ ਘਬਰਾਹਟ ਵਿਚ ਹੈ...

•

# ਕਿਸਾਨ ਅੰਦੋਲਨ

ਮੈਂ ਭੁੱਖਿਆਂ ਦਾ ਰੱਜ ਵੇਖਿਆ
ਮੈਂ ਨੰਗਿਆਂ ਦਾ ਕੱਜ ਵੇਖਿਆ
ਨਾ ਤੀਰਥ, ਨਾ ਕਾਸ਼ੀ, ਕਾਅਬਾ
ਸੌ ਮੱਕਿਆਂ ਦਾ ਹੱਜ ਵੇਖਿਆ।

ਡਿੱਠਾ ਨਾ ਪਿਓ ਦਾਦੇ ਮੇਰੇ
ਮੈਂ ਉਹ ਮੰਜ਼ਰ ਅੱਜ ਵੇਖਿਆ
ਮੱਥਾ ਨਾਲ ਪਹਾੜਾਂ ਲਾ ਕੇ
ਸ਼ਾਂਤ, ਜਥਾ ਗੜਗੱਜ ਵੇਖਿਆ।

ਸ਼ਾਤਰ ਬੰਦਾ, ਡਿੱਗਦਾ ਆਖਿਰ
ਕਿੰਨਾ ਵੀ ਉਸ ਭੱਜ ਵੇਖਿਆ
ਬੇ-ਸ਼ਰਮੀ ਦੇ ਬੋਲਾਂ ਪਿੱਛੇ
ਛੁਪਿਆ ਇਕ ਨਿਰਲੱਜ ਵੇਖਿਆ।

ਖ਼ਲਕਤ ਮਾਰੂ ਫ਼ਤਵੇ ਲਾਉਂਦਾ
ਜ਼ਾਹਿਲ ਬਣਿਆ ਜੱਜ ਵੇਖਿਆ।

•

✶

ਹੋਈ ਮਿੱਟੀ ਦੀ ਜੋ ਦੁਰਗਤ ਜ਼ਮੀਨਾਂ ਜਾਗ ਪਈਆਂ ਨੇ।
ਲਈ ਕਿਰਤਾਂ ਨੇ ਅੰਗੜਾਈ ਜ਼ਮੀਰਾਂ ਜਾਗ ਪਈਆਂ ਨੇ।

ਇਹ ਜੋ ਕਾਲੀਨ ਮਖ਼ਮਲ ਦੇ, ਨਿਹੱਕੇ ਰੇਸ਼ਮੀ ਲੀੜੇ,
ਇਨ੍ਹਾਂ ਦੀ ਖਹਿ 'ਚ ਆਖ਼ਰ ਸਖ਼ਤ ਲੀਰਾਂ ਜਾਗ ਪਈਆਂ ਨੇ।

ਜਿਵੇਂ ਕੋਈ ਦਿਸ਼ਾ ਮਿਲ ਜਾਂਦੀ ਭਟਕੇ ਹੋਏ ਪੈਰਾਂ ਨੂੰ,
ਕੁਝ ਏਦਾਂ ਖੇਤ ਬੰਨ੍ਹਿਆਂ 'ਚੋਂ ਵਹੀਰਾਂ ਜਾਗ ਪਈਆਂ ਨੇ।

ਕੋਈ ਬੁੱਲ੍ਹਾ ਹਵਾ ਦਾ ਐਸਾ ਆਇਆ ਹੈ ਕਿ ਨੀਂਦਰ 'ਚੋਂ,
ਨਵੇਂ ਸਮਿਆਂ ਦੇ ਦੁੱਲੇ ਤੇ ਇਹ ਹੀਰਾਂ ਜਾਗ ਪਈਆਂ ਨੇ।

ਬੜਾ ਰੁਲੀਆਂ ਨੇ ਥਾਂ-ਥਾਂ, ਦਰ-ਬਦਰ ਪੱਗਾਂ ਅਤੇ ਚੁੰਨੀਆਂ,
ਲਹੂ ਵਿਚ ਫੇਰ ਤੋਂ ਤੱਤੀਆਂ ਤਸੀਰਾਂ ਜਾਗ ਪਈਆਂ ਨੇ।

ਬਣੇ ਖ਼ਾਮੋਸ਼ ਸੱਧਰਾਂ ਦੀ ਜੋ ਵੀ ਆਵਾਜ਼ ਇਸ ਵੇਲੇ,
ਉਨ੍ਹਾਂ ਸ਼ਬਦਾਂ ਦੀਆਂ ਸੁੱਤੀਆਂ ਲਕੀਰਾਂ ਜਾਗ ਪਈਆਂ ਨੇ।

•

ਕਵਿਤਾ : *ਬਿੱਕਰ ਸਿੰਘ ਸੋਹੀ*

## ਜਜ਼ਬਾਤ

ਮੇਰਾ ਰੋਮ ਰੋਮ ਜਜ਼ਬਾਤੀ ਹੋਇਆ
ਦਿੱਲੀ ਦੀਆਂ ਹੱਦਾਂ ’ਤੇ
ਕਾਲੇ ਬਣਾਏ ਹਾਕਮਾਂ ਵੱਲੋਂ
ਕਾਨੂੰਨਾਂ ਦੇ ਵਿਰੋਧ ਵਿਚ ਅਲੋਕਾਰ ਹੋਇਆ
ਪੋਹ ਦੀਆਂ ਸਰਦ ਠੰਢੀਆਂ ਰਾਤਾਂ ਵਿਚ
ਬਿਰਧ ਔਰਤਾਂ ਮਰਦਾਂ ਦਾ ਇਕੱਠ
ਨੌਜਵਾਨ ਵੀਰਾਂ ਭੈਣਾਂ ਦਾ ਇਕੱਠ
ਆਪਣੇ ਮਾਪਿਆਂ ਦੀ ਡੰਗੋਰੀ
ਬਣੇ ਛੋਟੇ ਧੀਆਂ ਪੁੱਤਰਾਂ ਦਾ ਇਕੱਠ

ਇਹ ਇਕੱਠ ਵਿਚੋਂ ਬਿਰਧ ਮਾਵਾਂ ਨੂੰ ਦੇਖ ਕੇ
ਝਲਕ ਪੈਂਦੀ ਪੋਹ ਦੀ ਠੰਢੀ
ਰਾਤ ਨੂੰ ਸੂਬੇ ਦੀ ਕਚਹਿਰੀ
ਸਾਹਿਬਜ਼ਾਦਿਆਂ ਨੂੰ ਤੋਰਦੀ ਮਾਤਾ ਗੁਜਰੀ ਦੀ
ਝਲਕ ਪੈਂਦੀ ਹੈ ਨੌਜਵਾਨਾਂ ਨੂੰ ਦੇਖ ਕੇ
ਸਾਡੇ ਅਣਖੀ ਯੋਧਿਆਂ ਦੀ
ਜਿਨ੍ਹਾਂ ਨੇ ਸਿਰਾਂ ’ਤੇ ਕਫ਼ਨ ਬੰਨ੍ਹ ਕੇ
ਦੇਸ਼ ਨੂੰ ਆਜ਼ਾਦ ਕਰਵਾਉਣ ਲਈ
ਕੁਰਬਾਨ ਕੀਤੀਆਂ ਸੀ ਆਪਣੀਆਂ ਜਾਨਾਂ

ਜਿਨ੍ਹਾਂ ਦੀਆਂ ਦਿੱਤੀਆਂ ਕੁਰਬਾਨੀਆਂ ਦੇ
ਸਿਰ ’ਤੇ ਉਸ ਸਮੇਂ ਦੀਆਂ
ਹਕੂਮਤਾਂ ਦੇ ਹੱਥ ਠੋਕੇ ਬਣਿਆ ਨੇ
ਸਜਾ ਲਏ ਸਿਰਾਂ ’ਤੇ ਤਾਜ
ਪਰ ਅੱਜ ਉਹੀ ਹਾਕਮ ਬਣ ਗਏ
ਆਪਣਿਆਂ ਦੇ ਹੀ ਵੈਰੀ
ਜਿਨ੍ਹਾਂ ਨੇ ਦੇਸ਼ ਦਾ ਮਾਹੌਲ ਸਿਰਜ ਦਿੱਤਾ ਜ਼ਹਿਰੀ

ਪੰਜਾਬ ਸੂਬੇ ਅੰਦਰ ਹੁਣ ਤਕ
ਦੇ ਰਾਜ ਕਰਦੇ ਲੋਕਾਂ ਨੇ
ਨੌਜਵਾਨਾਂ ਵਿਚ ਭਰ ਦਿੱਤੀ ਸੀ ਵਿਸੰਗਤੀ
ਪਰ ਇਸ ਅੰਦੋਲਨ ਨੇ ਦੁਨੀਆ ਨੂੰ
ਦਿਖਾ ਦਿੱਤੀ ਪੰਜਾਬ ਦੇ ਵਾਸਿੰਦੀਆਂ ਦੀ ਆਪਣੀ
ਕਾਬਲੀਅਤ, ਅਣਖੀ
ਅਤੇ ਚੇਤਨਤਾ ਦੀ ਪ੍ਰਮਾਣਤੀ
ਹਾਕਮ ਟੱਲ ਨਹੀਂ ਰਿਹਾ
ਕੰਧ ’ਤੇ ਲਿਖਿਆ ਪੜ੍ਹ ਨਹੀਂ ਰਿਹਾ
ਪੱਕਾ ਨਿਸ਼ਚਾ ਨਿਰੰਤਰ ਕਰਮ
ਕਰਨ ਦੇ ਧਾਰਨੀ ਕਿਸਾਨ

ਮਜ਼ਦੂਰ ਦੀ ਏਕਤਾ ਉਸ ਨੂੰ
ਨਹੀਂ ਮਿਲਣਾ ਕੋਈ ਤੋੜ
ਇਤਿਹਾਸ ਅੰਦਰ ਦਰਜ ਹੋ ਗਈ
ਇਨ੍ਹਾਂ ਕਿਸਾਨਾਂ ਦੇ ਸਿਦਕ ਦੀ ਵਿਲੱਖਣਤਾ
ਜੇਕਰ ਹਾਕਮ ਪਿੱਛੇ ਨਾ ਮੁੜਿਆ
ਤਾਂ ਦੇਸ਼ ਦੀ ਹੋਵੇਗੀ ਮਾੜੀ ਵਿਡੰਬਨਾ

ਅੱਜ ਜੋ ਦੇਸ਼ ਦੇ ਲੋਕ ਚੁੱਪ ਬੈਠੇ ਨੇ
ਇਤਿਹਾਸ ਤੋਂ ਸਬਕ ਲੈ ਲੈਣ
ਕਿੱਥੇ ਨੇ ਉਹ ਜਿਹੜੇ ਪਹਿਲਾਂ
ਹੋਏ ਹੱਲਿਆਂ ਦੌਰਾਨ ਪੈ ਗਏ ਸੀ ਮੱਠੇ
ਉਨ੍ਹਾਂ ਨੂੰ ਕੋਈ ਨਹੀਂ ਯਾਦ ਕਰਦਾ
ਯਾਦਾਂ ਕੇਵਲ ਉਨ੍ਹਾਂ ਦੀਆਂ ਹੀ
ਰਹਿੰਦੀਆਂ ਜਿਨ੍ਹਾਂ ਦੇਸ਼ ਦੇ ਰਸ਼ਨਾਈ ਭਵਿੱਖ
ਲਈ ਬਹਾਦਰੀ ਨਾਲ ਮੋਰਚੇ ਮੱਲੇ।

•

## ਪੰਜਾਬ ਸਿੰਹਾਂ

ਅਸੀਂ ਹਾਂ ਕਾਮੇ ਦੇਸ ਦੇ
ਨਿੱਤ ਨਿੱਤ ਹੋਈਏ ਖ਼ੁਆਰ
ਸਾਡੀ ਮਾਂ ਨੂੰ ਲੁੱਟਣ ਆ ਗਿਆ
ਇਹ ਦਿੱਲੀ ਦਾ ਦਰਬਾਰ।

ਕੋਈ ਜਕੜ ਲਵੇ ਨਾ ਮੈਨੂੰ
ਮਾਂ ਧਰਤੀ ਰਹੀ ਪੁਕਾਰ
ਸਿਰਜ ਲੈ ਕੋਈ ਇਤਿਹਾਸ ਵੇ
ਮੌਕਾ ਹੈ ਇਸ ਵਾਰ।

ਅੱਜ ਸਭ ਨੇ 'ਕੱਠੇ ਹੋ ਗਏ
ਕਿਰਤੀਆਂ ਦੇ ਪਰਿਵਾਰ
ਇਕ ਝੰਡਾ ਸਾਥੀ ਬਣ ਗਿਆ
ਤੇ ਡੰਡਾ ਹੈ ਹਥਿਆਰ।

ਸੁਣ ਮੁੜੀਂ ਨਾ ਰੁੰਗਾ ਲੈ ਕੇ
ਐ ਪੰਜਾਬ ਸਿੰਹਾਂ ਸਰਦਾਰ
ਤੇਰੇ ਮੂੰਹ ਨੂੰ ਪਿਆ ਹੈ ਤੱਕਦਾ
ਹੁਣ ਸਾਰਾ ਇਹ ਸੰਸਾਰ।

•

ਗੀਤ : *ਕਮਲ ਪ੍ਰੀਤ ਸਿੰਘ*

## ਪੰਜਾਬ

ਦਿੱਲੀਏ ਨੀ ਬੁੱਢੜੇ ਤੇਰੇ ਬੱਗੇ ਵਾਲੀਂ
ਹੁਣ ਦੇਖੀਂ ਲੱਗਦਾ ਖ਼ਿਜ਼ਾਬ
ਅੱਖਾਂ 'ਚ ਹਨੇਰ ਲੈ ਕੇ ਕਾਲੀ ਘਟ ਵਾਂਗੂੰ
ਤੇਰੇ ਸਿਰ ਚੜ੍ਹ ਆਇਆ ਈ ਪੰਜਾਬ

ਰੇਸ਼ਮੀ ਜਹੇ ਕੇਸ ਸਾਡੇ ਹੋਗੇ ਜਟਾਵਾਂ ਨੀ
ਤਲੇ ਸਾਡੇ ਪੈਰਾਂ ਦੇ ਹੋ ਗਏ ਖੜਾਵਾਂ ਨੀ
ਲੂਣਾ ਦੀਏ ਭੈਣੇ ਸੁਣ ਨੀ ਸ਼ੁਦੇਣੈ
ਤੇ ਇਨ੍ਹਾਂ ਪੂਰਨਾਂ ਦੀ ਝੱਲਣੀ ਨੀ ਤਾਬ

ਰੋਟੀਆਂ 'ਨ ਖਾ ਜਾਣੇ ਤੇਰੇ ਹੰਝੂ ਬੰਬ ਨੀ
ਹਾਡਾ ਸੀਤ ਦੇਖ ਠਰ ਜਾਣਾ ਜਲ ਤੋਪਾਂ ਕੰਬ ਨੀ
ਜਿਦ੍ਹੇ ਹਰ ਪੰਨੇ ਉੱਤੇ ਲਹੂ ਨੀ ਪੰਜਾਬ ਦਾ
ਅਜੇ ਕੀਤੀ ਨੀ ਤੂੰ ਬੰਦ ਉਹ ਕਿਤਾਬ

ਗਾੜੀ ਵੇਖੀਂ ਅਜੇ ਤੇ ਇਹ ਪਹਿਲੀਆਂ ਨੇ ਫੇਰੀਆਂ
ਮਾਜੇ ਵਾਂਗੂੰ ਪੀਣੀਆਂ ਨੇ ਜਲ ਤੋਪਾਂ ਤੇਰੀਆਂ
ਟਾਣ੍ਹੀਆਂ ਦੇ ਨਾਲ ਹੁੰਦੇ ਕੰਡੇ ਪੋਟੇ ਪਾੜ੍ਹਣੇ
ਕੱਲੇ ਲੱਗਦੇ ਨੀ ਸਿੱਧੜੇ ਗੁਲਾਬ...

•